ਨਾਵਲ ਦਾ ਅੰਤਿਮ ਵਿਚਾਰਧਾਰਕ ਚਿੰਤਨ ਸਮੁੱਚੀ ਆਧੁਨਿਕ ਜੀਵਨ-ਸ਼ੈਲੀ ਉੱਤੇ ਇੱਕ ਵੱਡਾ ਸਵਾਲੀਆ ਚਿੰਨ੍ਹ ਲਗਾਉਂਦਾ ਹੈ। ਮਨੁੱਖ ਦੀ ਸਭ ਤੋਂ ਵੱਡੀ ਤ੍ਰਾਸਦੀ ਬਾਹਰੀ ਅਸਫਲਤਾ ਨਹੀਂ ਹੁੰਦੀ, ਸਗੋਂ ਸਮਾਜਿਕ ਸਫਲਤਾ ਦੀ ਦੌੜ ਵਿੱਚ ਆਪਣੇ ਅੰਦਰਲੇ ਮੌਲਿਕ ਮਨੁੱਖ, ਆਪਣੇ ਸੁਪਨਿਆਂ ਅਤੇ ਆਪਣੀ ਮੌਲਿਕ ਪਛਾਣ ਨੂੰ ਗੁਆ ਦੇਣਾ ਹੁੰਦੀ ਹੈ। ਇਹ ਰਚਨਾ ਪਾਠਕ ਨੂੰ ਆਪਣੇ ਆਪ ਨਾਲ ਰੂ-ਬ-ਰੂ ਕਰਦਿਆਂ ਇਹ ਪੁੱਛਣ ਲਈ ਮਜਬੂਰ ਕਰਦੀ ਹੈ ਕਿ ਕਿਤੇ ਅਸੀਂ ਵੀ ਸਮਾਜਿਕ ਭੂਮਿਕਾਵਾਂ ਨਿਭਾਉਂਦਿਆਂ ਆਪਣੇ ਅਸਲ ਜੀਵਨ ਤੋਂ ਬਹੁਤ ਦੂਰ ਤਾਂ ਨਹੀਂ ਨਿਕਲ ਆਏ ? ਇਹ ਨਾਵਲ ਸਾਨੂੰ ਚੇਤੇ ਕਰਵਾਉਂਦਾ ਹੈ ਕਿ ਜੀਵਨ ਦਾ ਅਸਲ ਮਕਸਦ ਸਿਰਫ਼ ਕੈਲੰਡਰ ਦੀਆਂ ਤਰੀਕਾਂ ਮੁਤਾਬਕ ਅੱਗੇ ਵਧਦੇ ਰਹਿਣਾ ਨਹੀਂ, ਸਗੋਂ ਆਪਣੇ ਅੰਦਰਲੇ ਮਨੁੱਖ ਨਾਲ ਜੁੜੇ ਰਹਿਣਾ ਹੈ।

ਸਮੁੱਚੇ ਤੌਰ ਉੱਤੇ, 'ਕੈਲੰਡਰ ਵਿੱਚ ਫਸਿਆ ਜੌਕਰ' ਸਮਕਾਲੀ ਪੰਜਾਬੀ ਨਾਵਲਕਾਰੀ ਵਿੱਚ ਇੱਕ ਨਿੱਗਰ, ਮੁੱਲਵਾਨ ਅਤੇ ਚਿੰਤਨਸ਼ੀਲ ਵਾਧਾ ਹੈ। ਇਹ ਬਾਹਰੀ ਸਫਲਤਾ ਦੀਆਂ ਪ੍ਰਚਲਿਤ ਧਾਰਨਾਵਾਂ, ਖੋਖਲੀਆਂ ਪਰਿਵਾਰਕ ਉਮੀਦਾਂ ਅਤੇ ਮਨੁੱਖੀ ਆਜ਼ਾਦੀ ਦੇ ਸੰਕਲਪ ਬਾਰੇ ਡੂੰਘੇ ਸਵਾਲ ਖੜ੍ਹੇ ਕਰਦਾ ਹੈ। ਆਪਣੀ ਵਿਲੱਖਣ ਪਰਾ-ਯਥਾਰਥਵਾਦੀ ਸ਼ੈਲੀ, ਮਨੋਵਿਗਿਆਨਕ ਸੂਝ-ਬੂਝ, ਸਾਰਥਿਕ ਪ੍ਰਤੀਕਾਵਲੀ ਅਤੇ ਗੰਭੀਰ ਸਰੋਕਾਰਾਂ ਸਦਕਾ ਇਹ ਨਾਵਲ ਪਾਠਕ ਦੇ ਜ਼ਿਹਨ ਉੱਤੇ ਲੰਮੇ ਸਮੇਂ ਤੱਕ ਆਪਣਾ ਅਮਿੱਟ ਪ੍ਰਭਾਵ ਛੱਡਣ ਦੇ ਸਮਰੱਥ ਹੈ। ਇਹ ਅਜੋਕੇ ਯੁੱਗ ਦੇ ਬੇਚੈਨ ਮਨੁੱਖ ਦੀ ਆਤਮਿਕ ਸਥਿਤੀ ਦਾ ਅਜਿਹਾ ਸਾਹਿਤਕ ਦਸਤਾਵੇਜ਼ ਹੈ, ਜਿਸ ਦੀ ਗੂੰਜ ਦੂਰ ਤੱਕ ਸੁਣਾਈ ਦਿੰਦੀ ਰਹੇਗੀ।ਗੁਰਪ੍ਰੀਤ ਸਹਿਜੀ ਨੂੰ ਇਸ ਬੇਹੱਦ ਅਰਥਪੂਰਨ, ਸਾਹਿਤਕ ਅਤੇ ਹੋਂਦਮੂਲਕ ਰਚਨਾ ਦੀ ਸਿਰਜਣਾ ਲਈ ਮੁਬਾਰਕਬਾਦ। ਪੰਜਾਬੀ ਅਦਬ ਦੇ ਖੇਤਰ ਵਿੱਚ 'ਕੈਲੰਡਰ ਵਿੱਚ ਫਸਿਆ ਜੌਕਰ' ਨਾਵਲ ਦਾ ਤਹਿ ਦਿਲੋਂ ਸਵਾਗਤ ਹੈ। ਉਮੀਦ ਹੈ ਕਿ ਉਨ੍ਹਾਂ ਦੀ ਕਲਮ ਭਵਿੱਖ ਵਿੱਚ ਵੀ ਮਨੁੱਖੀ ਮਨ ਦੀਆਂ ਅਣਗੌਲੀਆਂ ਪਰਤਾਂ, ਆਧੁਨਿਕ ਜੀਵਨ ਦੀਆਂ ਜਟਿਲ ਗੁੰਝਲਾਂ ਅਤੇ ਹੋਂਦਮੂਲਕ ਸੰਘਰਸ਼ਾਂ ਨੂੰ ਇਸੇ ਤਰ੍ਹਾਂ ਦੀ ਕਲਾਤਮਕ ਪ੍ਰਬੀਨਤਾ ਅਤੇ ਸੰਵੇਦਨਸ਼ੀਲਤਾ ਨਾਲ ਰੂਪਮਾਨ ਕਰਦੀ ਰਹੇਗੀ।

**ਡਾ. ਸੰਦੀਪ ਸਿੰਘ ਮੁੰਡੇ**
**ਪ੍ਰਿੰਸੀਪਲ, ਗੁਰੂ ਹਰਗੋਬਿੰਦ ਸਾਹਿਬ ਕਾਲਜ, ਸੀ.ਸੀ. ਹੈੱਡ, ਸ੍ਰੀ ਗੰਗਾਨਗਰ (ਰਾਜਸਥਾਨ)-335022**
**ਕਨਵੀਨਰ, ਬੋਰਡ ਆਫ਼ ਸਟੱਡੀਜ਼ (ਪੰਜਾਬੀ), ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ, ਬੀਕਾਨੇਰ (ਰਾਜਸਥਾਨ)**
**ਮੋਬਾਈਲ: 94136-52646**

# ਬਹੁਤ ਹੋ ਗਿਆ ਵਿਗਾੜ, ਬੱਸ ਹੁਣ ਸੰਭਲ ਜਾਓ

ਲਾਭ ਸਿੰਘ ਸ਼ੇਰਗਿੱਲ ਬਡਰੁੱਖਾਂ
86995 35708

ਕਦੇ ਖੁੱਲ੍ਹੀ ਫਿਜ਼ਾ ਤੇ ਸ਼ੁੱਧ ਹਵਾ 'ਚ ਸਾਹ ਲੈਂਦਾ ਹੋਇਆ ਆਦਮੀ ਆਪਣੇ ਆਪ ਨੂੰ ਪੂਰਾ ਤੰਦਰੁਸਤ ਤੇ ਤਰੋਤਾਜ਼ਾ ਮਹਿਸੂਸ ਕਰਦਾ ਸੀ । ਅੱਜ ਹਵਾ ਪ੍ਰਦੂਸ਼ਿਤ ਹੋਣ ਨਾਲ਼ ਤੰਦਰੁਸਤੀ ਮਨੁੱਖ ਦੇ ਜੀਵਨ ਵਿੱਚੋਂ ਗਾਇਬ ਹੁੰਦੀ ਜਾ ਰਹੀ ਹੈ। ਆਦਮੀ ਦੀ ਕਾਇਆ ਬੀਮਾਰੀਆਂ ਦਾ ਘਰ ਹੋ ਰਹੀ ਹੈ । ਇਹ ਖੁਦ ਆਦਮੀ ਦੇ ਪੈਦਾ ਕੀਤੇ ਵਿਗਾੜ ਹਨ ਜਿੰਨ੍ਹਾਂ ਦਾ ਨਤੀਜਾ ਉਹ ਤਰ੍ਹਾਂ-ਤਰ੍ਹਾਂ ਦੀਆਂ ਭਿਆਨਕ ਬੀਮਾਰੀਆਂ ਦੇ ਰੂਪ ਵਿੱਚ ਭੁਗਤ ਰਿਹਾ ਹੈ । ਮਨੁੱਖ ਜਦੋਂ ਤੋਂ ਆਪਣੇ ਆਪ ਨੂੰ ਆਧੁਨਿਕ ਸਮਝਣ ਲੱਗਿਆ ਹੈ। ਤਰ੍ਹਾਂ-ਤਰ੍ਹਾਂ ਦੀਆਂ ਖੋਜਾਂ ਕੀਤੀਆਂ ਹਨ । ਚੰਗੇਰੇ ਜੀਵਨ ਲਈ ਅਨੇਕਾਂ ਸਹੂਲਤਾਂ ਅਪਣਾਈਆਂ ਹਨ ਉਦੋਂ ਤੋਂ ਇਸ ਨੇ ਰੱਜ ਕੇ ਵਾਤਾਵਰਨ ਨੂੰ ਮਧੋਲਿਆ ਹੈ। ਬੜੀ ਨਿਰਦੈਤਾ ਨਾਲ਼ ਇਸ ਹਰੀ ਭਰੀ ਧਰਤੀ ਨੂੰ ਆਧੁਨਿਕਤਾ ਦੇ ਨਾਂ 'ਤੇ ਉਜਾੜਿਆ ਹੈ। ਇਹ ਸਿਲਸਿਲਾ ਅਜੇ ਵੀ ਰੁਕਿਆ ਨਹੀਂ ਲਗਾਤਾਰ ਜਾਰੀ ਹੈ । ਇਸ ਨੇ ਕੁਦਰਤੀ ਫਿਜ਼ਾ ਨੂੰ ਉਜਾੜ ਕੇ ਕੰਕਰੀਟ ਦੀਆਂ ਦੀਵਾਰਾਂ ਖੜੀਆਂ ਕਰ ਲਈਆਂ ਹਨ ਜੋ ਤਨ-ਮਨ ਨੂੰ ਠੰਢਕ ਦੇਣ ਦੀ ਬਜਾਇ ਤਪਸ਼ ਹੀ ਪ੍ਰਦਾਨ ਕਰ ਰਹੀਆਂ ਹਨ । ਗਰਮੀ ਰੁੱਤ 'ਚੋਂ ਨਿਕਲ ਕੇ ਜਿਉਂ ਹੀ ਅਸੀਂ ਸਰਦੀ ਰੁੱਤ ਵਿੱਚ ਦਾਖਲ ਹੁੰਦੇ ਹਾਂ ਤਾਂ ਤਿਉਹਾਰਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਪਹਿਲਾਂ ਦੁਸਹਿਰਾ ਫਿਰ ਕੱਤਕ ਮਹੀਨੇ ਵਿੱਚ ਦੀਵਾਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ । ਲੋਕਾਂ ਦੇ ਮਨਾਂ ਵਿੱਚ ਇਸ ਤਿਉਹਾਰ ਪ੍ਰਤੀ ਬੜਾ ਉਤਸ਼ਾਹ ਤੇ ਖੁਸ਼ੀ ਹੁੰਦੀ ਹੈ । ਬੜੇ ਚਾਵਾਂ ਨਾਲ਼ ਇਸ ਦੀ ਸਭ ਨੂੰ ਉਡੀਕ ਹੁੰਦੀ ਹੈ । ਇਸੇ ਮਹੀਨੇ ਖੇਤਾਂ ਵਿੱਚ ਝੋਨੇ ਦੀ ਫਸਲ ਦੀ ਕਟਾਈ ਹੁੰਦੀ ਹੈ। ਖੇਤੀ ਨਾਲ਼ ਜੁੜੇ ਹਰ ਕਿਸਾਨ ਨੂੰ ਆਪਣੀ ਫਸਲ ਦਾ ਵੀ ਤਿਉਹਾਰ ਜਿੰਨਾ ਹੀ ਚਾਅ ਹੁੰਦਾ ਹੈ। ਫਸਲ ਵੇਚ ਕੇ ਦੀਵਾਲੀ ਦੀਆਂ ਖੁਸ਼ੀਆਂ ਨੂੰ ਦੁੱਗਣਾ ਕਰਨ ਦੀ ਹਰ ਮਨ ਵਿੱਚ ਰੀਝ ਹੁੰਦੀ ਹੈ । ਆਪਣੀਆਂ ਖੁਸ਼ੀਆਂ, ਆਪਣੀਆਂ ਰੀਝਾਂ ਪੂਰੀਆਂ ਕਰਨਾ ਕੋਈ ਮਾੜੀ ਗੱਲ ਨਹੀਂ ਪਰ ਇਸ ਮਹੀਨੇ ਵਾਤਾਵਰਨ ਨਾਲ਼ ਜੋ ਖਿਲਵਾੜ ਹੁੰਦਾ ਹੈ ਉਹ ਸ਼ਾਇਦ ਪੂਰੇ ਸਾਲ ਦੇ ਹੋਰ ਤਿਉਹਾਰਾਂ ਨਾਲ਼ੋਂ ਕਿਤੇ ਜ਼ਿਆਦਾ ਹੁੰਦਾ ਹੈ। ਫਸਲ ਦੀ ਕਟਾਈ ਤੋਂ ਬਾਅਦ ਬਚਦੀ ਰਹਿੰਦ ਖੂੰਹਦ (ਪਰਾਲ਼ੀ) ਨੂੰ ਅੱਗ ਦੇ ਭੇਂਟ ਕੀਤਾ ਜਾਂਦਾ ਹੈ, ਚਾਰੇ ਪਾਸੇ ਧੂੰਆਂ ਹੀ ਧੂੰਆਂ ਨਜ਼ਰ ਆਉਂਦਾ ਹੈ । ਦੂਸਰੇ ਪਾਸੇ ਦੀਵਾਲੀ 'ਤੇ ਅਸੀਂ ਹਰ ਸਾਲ ਇਸ ਤੋਂ ਪਹਿਲਾਂ ਬੜੇ ਜ਼ੋਰ-ਸ਼ੋਰ ਨਾਲ਼ ਪ੍ਰਚਾਰ ਕਰਦੇ ਹਾਂ ਕਿ ਦੀਵਾਲੀ 'ਤੇ ਪਟਾਖੇ ਨਹੀਂ ਚਲਾਉਣੇ, ਪ੍ਰਦੂਸ਼ਨ ਨਹੀਂ ਕਰਨਾ ਪਰ ਦੀਵਾਲੀ ਵਾਲ਼ੇ ਦਿਨ ਆਪਣੇ ਕੀਤੇ ਵਾਅਦੇ ਆਪ ਹੀ ਤੋੜ ਦਿੰਦੇ ਹਾਂ । ਚਾਰੇ ਪਾਸੇ ਬਾਰੂਦ ਦੀ ਗੰਧ ਤੇ ਧੂੰਏਂ ਦੇ ਗੁਬਾਰ ਚੜ੍ਹ ਜਾਂਦੇ ਹਨ । ਸਾਡੇ ਵੱਡੇ-ਵਡੇਰੇ , ਸਾਡੇ ਬਜ਼ੁਰਗ ਇੰਨ੍ਹਾਂ ਤਿਉਹਾਰਾਂ ਨੂੰ ਬੜੀ ਪਵਿੱਤਰਤਾ ਅਤੇ ਸਾਦਗੀ ਨਾਲ਼ ਮਨਾਇਆ ਕਰਦੇ ਸਨ ਅਸੀਂ ਇਨ੍ਹਾਂ ਨੂੰ ਮਨਾਉਣ ਦਾ ਰੂਪ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ ਸਾਦਗੀ ਦੀ ਥਾਂ ਤੇ ਵਿਖਾਵਾ, ਚਮਕ-ਦਮਕ ਨੇ ਤਿਉਹਾਰਾਂ ਲਈ ਅਸਲੀ ਭਾਵਨਾ ਹੀ ਖਤਮ ਕਰ ਦਿੱਤੀ ਹੈ। ਦੂਸਰੇ ਪਾਸੇ ਖੇਤਾਂ ਵਿਚਲੀ ਪਰਾਲ਼ੀ ਦੀ ਅੱਗ ਤੋਂ ਉੱਠਿਆ ਜ਼ਹਿਰੀਲਾ ਧੂੰਆਂ ਆਪਣਾ ਆਤੰਕ ਫੈਲਾਉਂਦਾ ਹੈ ਜੋ ਹਾਦਸਿਆਂ ਤੇ ਬੀਮਾਰੀਆਂ ਦਾ ਕਾਰਨ ਬਣਦਾ ਹੈ । ਪਰਮਾਤਮਾ ਨੇ ਮਨੁੱਖ ਦੇ ਰੂਪ ਵਿੱਚ ਆਪਣਾ ਅੰਸ਼ ਇਸ ਧਰਤੀ 'ਤੇ ਭੇਜਿਆ ਸੀ ਕਿ ਉਹ ਇਸ ਨੂੰ ਖੂਬਸੂਰਤ ਬਣਾਵੇਗਾ ਪਰ ਇਸ ਨੇ ਤਾਂ ਪੂਰੀ ਕਾਇਨਾਤ ਨੂੰ ਉਜਾੜ ਕੇ ਰੱਖ ਦਿੱਤਾ ਹੈ। ਅੱਜ ਉਹ ਪ੍ਰਮਾਤਮਾ ਵੀ ਆਦਮੀ ਨੂੰ ਇਸ ਧਰਤੀ 'ਤੇ ਭੇਜ ਕੇ ਪਛਤਾਉਂਦਾ ਹੋਵੇਗਾ। ਹਵਾ,ਪਾਣੀ, ਮਿੱਟੀ ਸਭ ਨੂੰ ਇਸ ਮਨੁੱਖ ਨੇ ਆਧੁਨਿਕਤਾ ਦੇ ਨਾਂ 'ਤੇ ਹੱਦੋਂ ਵੱਧ ਪ੍ਰਦੂਸ਼ਿਤ ਕਰ ਦਿੱਤਾ ਹੈ। ਇਹ ਵਿਗਾੜ ਇੰਨਾ ਵਧ ਗਿਆ ਹੈ ਕਿ ਉਹ ਖੁਦ ਇੰਨ੍ਹਾਂ ਜ਼ਹਿਰਾਂ ਦਾ ਸ਼ਿਕਾਰ ਹੋ ਰਿਹਾ ਹੈ । ਕਦੇ ਹਰੀ ਭਰੀ ਬਨਸਪਤੀ, ਸ਼ੁੱਧ ਹਵਾ, ਨਿਰਮਲ ਪਾਣੀ, ਜਰਖੇਜ਼ ਭੂਮੀ ਇਨਸਾਨ ਦੇ ਨਿਰਬਾਹ ,ਉਸ ਦੇ ਤੰਦਰੁਸਤ ਸਰੀਰ ਅਤੇ ਮਨ ਦਾ ਅਧਾਰ ਸੀ। ਜਿਸ ਦਾ ਜ਼ਿਕਰ ਸਾਡੇ ਪੁਰਾਤਨ ਗ੍ਰੰਥਾਂ ਵਿੱਚ ਮਿਲਦਾ ਹੈ, ਅਸੀਂ ਆਪਣੇ ਦਾਦਿਆਂ ਪੜਦਾਦਿਆਂ ਤੋਂ ਵੀ ਇਹ ਗੱਲਾਂ ਸੁਣਦੇ ਰਹੇ ਹਾਂ। ਵਿਕਾਸ ਦੇ ਨਾਂ 'ਤੇ ਸਾਡੇ ਕੋਲ਼ ਜੋ ਬੇਸ਼ਕੀਮਤੀ ਸੀ ਅਸੀਂ ਗਵਾ ਲਿਆ ਹੈ। ਧਰਤੀ ਹੇਠਲਾ ਪਾਣੀ ਖਾਤਮੇ 'ਤੇ ਪਹੁੰਚ ਗਿਆ ਹੈ । ਹਵਾ ਸਾਹ ਲੈਣ ਯੋਗ ਅਸੀਂ ਛੱਡੀ ਨਹੀਂ । ਜ਼ਰਖੇਜ ਭੂਮੀ ਨੂੰ ਜ਼ਹਿਰਾਂ ਨਾਲ਼ ਭਰ ਦਿੱਤਾ ਹੈ। ਹੋਰ ਅਜੇ ਕਿੰਨੀ ਕੁ ਕਸਰ ਬਾਕੀ ਰਹਿ ਗਈ ਹੈ ਇਸ ਨੂੰ ਬਰਬਾਦ ਕਰਨ ਦੀ। ਹੁਣ ਤਾਂ ਇਸ ਦੇ ਨਤੀਜੇ ਸਾਹਮਣੇ ਹਨ, ਹੁਣ ਤਾਂ ਸੰਭਲ ਜਾਣਾ ਚਾਹੀਦਾ ਹੈ। ਕੀ ਸਾਰਾ ਕੁੱਝ ਗਵਾ ਕੇ ਹੀ ਸਾਡੀਆਂ ਅੱਖਾਂ ਖੁੱਲ੍ਹਣਗੀਆਂ ਫਿਰ ਪਛਤਾਵੇ ਤੋਂ ਬਿਨਾਂ ਸਾਡੇ ਪੱਲੇ ਕੁੱਝ ਨਹੀਉਂ ਜੇ ਰਹਿਣਾ। ਅਜੇ ਵੀ ਵੇਲ਼ਾ ਹੈ, ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ ਅੱਜ ਵੀ ਸੰਭਲ ਜਾਈਏ ਤਾਂ ਅਜੇ ਵੀ ਬਹੁਤ ਕੁੱਝ ਬਚਾਇਆ ਜਾ ਸਕਦਾ ਹੈ ਕੁਦਰਤ ਦੀਆਂ ਬਖਸ਼ੀਆਂ ਇਹ ਨਿਆਮਤਾਂ ਨੂੰ ਬਚਾਉਣ ਵਾਲ਼ੇ ਪਾਸੇ ਤੁਰ ਪਈਏ ਤਾਂ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਦੀ ਝੋਲੀ ਵਿੱਚ ਕੁੱਝ ਸ਼ੁੱਧਤਾ ਪਾ ਸਕੀਏ ਨਹੀਂ ਤਾਂ ਉਨ੍ਹਾਂ ਨੇ ਸਾਨੂੰ ਕਦੇ ਮੁਆਫ ਨਹੀਂ ਕਰਨਾ ਤੇ ਸਤਿਕਾਰ ਦੀ ਥਾਂ ਤ੍ਰਿਸਕਾਰ ਦੇ ਪਾਤਰ ਬਣੇ ਰਹਾਂਗੇ ਹਮੇਸ਼ਾ। ਪੈਸੇ ਦੀ ਦੌੜ ਨੇ ਸਾਡੇ ਕੋਲ਼ੋਂ ਬਹੁਤ ਕੁੱਝ ਖੋਹ ਲਿਆ ਹੈ ਜੇ ਅਜੇ ਵੀ ਅਸੀਂ ਨਾ ਸੰਭਲੇ ਤਾਂ ਇਸ ਧਰਤੀ 'ਤੇ ਬਹੁਤ ਛੇਤੀ ਜਿਵੇਂ ਪਸ਼ੂ ਪੰਛੀਆਂ ਦੀਆਂ ਪ੍ਰਜਾਤੀਆਂ ਖਤਮ ਹੋਈਆਂ ਹਨ ਇਸੇ ਤਰ੍ਹਾਂ ਮਨੁੱਖ ਜਾਤੀ ਦੀਆਂ ਨਸਲਾਂ ਦਾ ਵਾਧਾ ਰੁਕ ਜਾਵੇਗਾ ਜੋ ਬਹੁਤ ਹੀ ਗੰਭੀਰ ਅਤੇ ਚਿੰਤਨ ਦਾ ਵਿਸ਼ਾ ਹੈ। ਇਸ ਚੌਗਿਰਦੇ ਨੂੰ ਦੁਬਾਰਾ ਉਸੇ ਰੂਪ ਵਿੱਚ ਲਿਆਉਣ ਲਈ ਹਰ ਸੰਭਵ ਯਤਨ ਕਰਨਾ ਹੀ ਹੈ ਤੇ ਇਸ ਵਿੱਚ ਹੀ ਸਾਰੇ ਜਗਤ ਦਾ ਭਲਾ ਹੋਵੇਗਾ ।

# ਅਜੋਕੇ ਸਮੇਂ ਨਿੰਦਿਆ ਚੁਗਲੀ ਤੋਂ ਬਚ ਕੇ....



- ਅਜੋਕੇ ਸਮੇਂ ਸਾਡੇ ਸਮਾਜ ਦੇ ਅੰਦਰ ਨਿੰਦਿਆ ਚੁਗਲੀ ਨੇ ਵੱਡੀ ਪੱਧਰ ਤੇ ਪੈਰ ਪਸਾਰੇ ਹਨ ਤੇ ਬਹੁਤ ਘੱਟ ਇਨਸਾਨ ਹੋਣਗੇ ਜੋ ਇਸ ਬਿਮਾਰੀ ਤੋਂ ਰਹਿਤ ਹੋਣਗੇ ਨਹੀਂ ਤਾਂ ਬਹੁਤ ਸਾਰੇ ਲੋਕਾਂ ਦਾ ਤਾਂ ਆਵਾ ਹੀ ਊਤ ਚੁੱਕਿਆ ਹੈ । ਬੀਬੀਆਂ ਇਸ ਮਾਮਲੇ ਵਿੱਚ ਬਹੁਤ ਜਿਆਦਾ ਅੱਗੇ ਲੰਘ ਚੁੱਕੀਆਂ ਹਨ ਅੱਜ ਸਾਡਾ ਸਮਾਜ ਨਿੰਦਿਆ ਚੁਗਲੀ ਦੀ ਭੇਟ ਚੜ ਕੇ ਇੱਕ ਐਸੇ ਖੂਹ ਖਾਤੇ ਵਿੱਚ ਡਿੱਗਦਾ ਪ੍ਰਤੀਤ ਹੁੰਦਾ ਹੈ ਜਿੱਥੋਂ ਨਿਕਲਣ ਦਾ ਵੀ ਕੋਈ ਹੱਲ ਵਿਖਾਈ ਨਹੀਂ ਦਿੰਦਾ । ਜੇਕਰ ਚੁਗਲੀ ਦੀ ਗੱਲ ਕਰੀਏ ਤਾਂ ਬਹੁਤ ਸਾਰੀਆਂ ਬੀਬੀਆਂ ਵੱਲੋਂ ਚੁਗਲੀ ਤੋਂ ਕੀਤੇ ਬਿਨਾਂ ਉਹਨਾਂ ਦੇ ਰੋਟੀ ਵੀ ਹਜ਼ਮ ਨਹੀਂ ਆਉਂਦੀ ਉਹਨਾਂ ਦੀ ਕੀਤੀ ਚੁਗਲੀ ਦੀ ਬਦੌਲਤ ਪਰਿਵਾਰਾਂ ਵਿੱਚ ਤਰੇੜਾਂ ਪੈ ਜਾਂਦੀਆਂ ਹਨ ਅਤੇ ਪਰਿਵਾਰ ਟੁੱਟ ਜਾਂਦੇ ਹਨ ।

ਇਹ ਅੱਜ ਸਾਡੇ ਬਹੁਤ ਸਾਰੇ ਪਰਿਵਾਰਾਂ ਦੀ ਤ੍ਰਾਸਦੀ ਹੋ ਚੁੱਕੀ ਹੈ । ਉਸ ਤੋਂ ਬਿਨਾਂ ਕਈ ਮਰਦ ਵੀ ਚੁਗਲੀ ਕਰੇ ਬਿਨਾਂ ਸ਼ਾਮ ਨੂੰ ਆਪਣੇ ਘਰ ਅੰਦਰ ਨਹੀਂ ਵੜਦੇ ਉਹਨਾਂ ਦਾ ਮੁੱਖ ਕੰਮ ਹੁੰਦਾ ਹੈ ਪਰਿਵਾਰਾਂ ਦੇ ਵਿੱਚ ਵੰਡੀਆਂ ਪਾਉਣਾ ਬਹੁਤ ਸਾਰੀਆਂ ਬੀਬੀਆਂ ਨੇ ਪਿਛਲੇ ਸਮੇਂ ਵੀ ਚੁਗਲੀ ਨਿੰਦਿਆ ਰਾਹੀਂ ਘਰਾਂ ਦੇ ਵਿੱਚ ਫਰਕ ਪਾ ਕੇ ਸੱਸ ਅਤੇ ਨੂਹ ਦੀ ਲੜਾਈ ਕਰਵਾਈ ਹੈ । ਪਤਾ ਨਹੀਂ ਇਹਨਾਂ ਲੋਕਾਂ ਨੂੰ ਚੁਗਲੀਆਂ ਰਾਹੀਂ ਆਖਰ ਮਿਲਦਾ ਕੀ ਹੈ ਸ਼ਾਇਦ ਢਿੱਡ ਜਾਂ ਮਨ ਦੀ ਭੜਾਸ ਹੀ ਕਹਿ ਸਕਦੇ ਹਾਂ । ਪੰਜਾਬੀ ਦੀ ਇੱਕ ਕਹਾਵਤ ਹੈ ਕਿ ਬਹੁਤ ਸਾਰੇ ਇਨਸਾਨ ਅਜਿਹੇ ਹੁੰਦੇ ਹਨ ਜਿਨਾਂ ਦੇ ਪੇਟ ਅੰਦਰ ਚੁਗਲੀ ਕੀਤਿਆਂ ਬਿਨਾਂ ਗੋਲਾ ਬਣ ਜਾਂਦਾ ਹੈ । ਇਹ ਤਰਾਸਦੀ ਪਿਛਲੇ ਸਮੇਂ ਤੋਂ ਸਾਡੇ ਸਮਾਜ ਵਿੱਚ ਵੱਡੇ ਪੱਧਰ ਤੇ ਪਣਪ ਰਹੀ ਹੈ ਕਈ ਚੁਗਲੀਵਾਜਾਂ ਨੇ ਤਾਂ ਪਰਿਵਾਰਾਂ ਦੇ ਰਿਸ਼ਤੇ ਨਾਤੇ ਵੀ ਤੁੜਾ ਕੇ ਰੱਖ ਦਿੱਤੇ ਹਨ । ਇਥੇ ਅਨਪੜ ਅਤੇ ਪੜੇ ਲਿਖਿਆਂ ਦਾ ਕੋਈ ਫਰਕ ਨਹੀਂ ਰਹਿ ਜਾਂਦਾ ।



ਬੀਬੀਆਂ ਵੱਲੋਂ ਸਵੇਰ ਤੋਂ ਲੈ ਕੇ ਸ਼ਾਮ ਤੱਕ ਚੁਗਲੀਆਂ ਦਾ ਭੰਡਾਰ ਕਰਕੇ ਫਿਰ ਦੂਜੇ ਥਾਂ ਜਾ ਕੇ ਚੁਗਲੀਆਂ ਕਰਨ ਨੂੰ ਮਹੱਤਵ ਮੰਨਿਆ ਜਾਂਦਾ ਹੈ ਕਈ ਬੀਬੀਆਂ ਤਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਨਾਂ ਤੋਂ ਚੁਗਲੀ ਕਰੇ ਬਿਨਾ ਸਰ ਨਹੀਂ ਹੁੰਦਾ । ਕਿਉਂਕਿ ਇਹ ਸਾਡੇ ਸਮਾਜ ਦੀ ਇੱਕ ਅਜਿਹੀ ਅਲਾਮਤ ਹੈ ਜੋ ਬਹੁਤ ਵੱਡੇ ਪੱਧਰ ਤੇ ਭਾਵੇਂ ਪਿਛਲੇ ਸਮੇਂ ਤੋਂ ਪਨਪਈ ਹੈ ਪਰ ਇਸ ਦਾ ਨੁਕਸਾਨ ਬਹੁਤ ਵੱਡਾ ਹੈ । ਜੇਕਰ ਗੱਲ ਕਰੀਏ ਵਿਆਹਾਂ ਸ਼ਾਦੀਆਂ ਵਿੱਚ ਭਾਨੀਆਂ ਮਾਰਨ ਦੀ ਤਾਂ ਉੱਥੇ ਵੀ ਚੁਗਲੀ ਵਾਜਾਂ ਵੱਲੋਂ ਘੱਟ ਨਹੀਂ ਗੁਜ਼ਾਰੀ ਜਾਂਦੀ ਉਹਨਾਂ ਵੱਲੋਂ ਵੱਡੇ ਪੱਧਰ ਤੇ ਪਰਿਵਾਰਾਂ ਦਾ ਨੁਕਸਾਨ ਕੀਤਾ ਜਾਂਦਾ ਹੈ । ਸਕੂਲਾਂ ਕਾਲਜਾਂ ਵਿੱਚ ਵੀ ਅਧਿਆਪਕਾਂ ਵੱਲੋਂ ਇੱਕ ਦੂਜੇ ਦੀਆਂ ਚੁਗਲੀਆਂ ਕਰਕੇ ਉਸ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਕਈ ਵਾਰ ਦਫਤਰਾਂ ਅੰਦਰ ਮੁਲਾਜ਼ਮ ਵੱਲੋਂ ਕੀਤੀ ਚੁਗਲੀ ਦੇ ਸਦਕਾ ਕਈਆਂ ਨੂੰ ਨੌਕਰੀ ਤੋਂ ਹੱਥ ਧੋਣੇ ਪੈਂਦੇ ਹਨ ।

ਦਫਤਰਾਂ ਵਿੱਚ ਵੀ ਇਹੀ ਹਾਲ ਹੈ । ਦਫਤਰਾਂ ਦੇ ਵਿੱਚ ਅਫਸਰਾਂ ਵੱਲੋਂ ਇੱਕ ਦੂਜੇ ਦੀਆਂ ਚੁਗਲੀ ਜਾਂ ਨਿੰਦਿਆ ਕਰਕੇ ਉਸ ਨੂੰ ਨੀਵਾਂ ਦਿਖਾਉਣਾ ਹੁੰਦਾ ਹੈ ਇਹ ਸਾਰਾ ਕੁਝ ਅੱਜ ਸਾਡੇ ਸ਼ਮਾਜ ਦੇ ਵਿੱਚ ਵਾਪਰ ਰਿਹਾ ਹੈ ਉਸ ਤੋਂ ਬਾਅਦ ਜੇਕਰ ਵਿਦੇਸ਼ਾਂ ਅੰਦਰ ਗੱਲ ਕਰੀਏ ਤਾਂ ਉਥੇ ਵੀ ਚੁਗਲੀਆਂ ਦੀ ਘਾਟ ਨਹੀਂ ਹੈ । ਭਾਵੇਂ ਸਾਡੇ ਭਾਰਤ ਨਾਲੋਂ ਕੁਝ ਘੱਟ ਜਰੂਰ ਹੈ ਟਰਾਸਪੋਰਟ ਦੇ ਧੰਦੇ ਵਿੱਚ ਵੀ ਚੁਗਲੀ ਚਲਦੀ ਹੈ ਅਤੇ ਖਾਸ ਕਰ ਵਿਦੇਸ਼ ਵਿਚ ਵੀ ਬੀਬੀਆਂ ਵੱਲੋਂ ਪਰਿਵਾਰਾਂ ਦੇ ਵਿੱਚ ਕਲੇਸ਼ ਤੱਕ ਕਰਵਾ ਦਿੱਤਾ ਜਾਂਦਾ ਹੈ ਜੋ ਬੇਹੱਦ ਗਲਤ ਵਰਤਾਰਾ ਹੈ ਜੇਕਰ ਗੁਰੂ ਸਾਹਿਬ ਦੇ ਫਲਸਫੇ ਦੀ ਗੱਲ ਕਰੀਏ ਤਾਂ ਨਿੰਦਿਆ ਤੇ ਚੁਗਲੀ ਨੂੰ ਬਹੁਤ ਮਾੜਾ ਮੰਨਿਆ ਗਿਆ ਹੈ ਪਰ ਸਾਡੇ ਲੋਕ ਹਟ ਹੀ ਨਹੀਂ ਰਹੇ । ਉਹਨਾਂ ਨੂੰ ਤਾਂ ਜਿਵੇਂ ਚੁਗਲੀ ਅਤੇ ਨਿੰਦਿਆ ਘਿਓ ਵਾਂਗ ਲੱਗਦੀ ਹੈ ਕਈ ਬੰਦੇ ਤਾਂ ਦੂਜੇ ਪਿੰਡ ਜਾ ਕੇ ਵੀ ਚੁਗਲੀ ਕਰਦੇ ਹਨ । ਬਹੁਤ ਵਾਰ ਤਾਂ ਚੁਗਲੀਆਂ ਦੀ ਬਦੌਲਤ ਲੜਾਈ ਕਤਲਾਂ ਤੱਕ ਜਾ ਪਹੁੰਚਦੀ ਹੈ ।



ਲੰਘੇ ਸਮੇਂ ਦੀ ਗੱਲ ਹੈ ਕਿ ਇੱਕ ਵਾਰ ਕਾਲਜ ਦੇ ਵਿੱਚ ਇੱਕ ਬਹੁਤ ਹੀ ਹੁਸਿਆਰ ਲੜਕੀ ਪੜਦੀ ਸੀ ਜਦ ਕਿ ਉਸੇ ਹੀ ਕਲਾਸ ਦੇ ਵਿੱਚ ਦੂਜੇ ਪਾਸੇ ਉਸ ਦੇ ਨਾਲ ਪੜਨ ਵਾਲੀਆਂ ਲੜਕੀਆਂ ਵੱਲੋਂ ਆਪਣੇ ਅਧਿਆਪਕਾਂ ਕੋਲ ਕੀਤੀ ਸ਼ਿਕਾਇਤ ਦੀ ਬਦੌਲਤ ਸਕੂਲ ਦੇ ਪ੍ਰਿੰਸੀਪਲ ਵੱਲੋਂ ਉਸ ਲੜਕੀ ਦਾ ਨਾਂ ਕਾਲਜ ਦੇ ਵਿੱਚੋਂ ਕੱਢ ਦਿੱਤਾ ਗਿਆ ਜਦੋਂ ਸਮਾਂ ਪਾ ਕੇ ਗੱਲਬਾਤ ਸਾਹਮਣੇ ਆਈ ਤਾਂ ਉਸ ਲੜਕੀ ਦਾ ਕੋਈ ਵੀ ਕਸੂਰ ਨਹੀਂ ਸੀ ਸਿਰਫ ਉਸਨੂੰ ਨਿਜੀ ਰੰਜਿਸ਼ ਦੇ ਚਲਦਿਆਂ ਕੁਝ ਲੜਕੀਆਂ ਵੱਲੋਂ ਪ੍ਰਿੰਸੀਪਲ ਤੱਕ ਪਹੁੰਚ ਕਰਦਿਆਂ ਉਪਰੋਂ ਫੋਨ ਕਰਵਾ ਕੇ ਉਸ ਦਾ ਨਾਮ ਕੱਟ ਦਿੱਤਾ ਗਿਆ ਸੀ । ਹੁਣ ਜੇਕਰ ਇਸ ਗੱਲ ਨੂੰ ਸੋਚ ਕੇ ਵੇਖੀਏ ਕਿ ਚੁ.ਗਲੀ ਨੇ ਇੱਕ ਬੱਚੀ ਦਾ ਭਵਿੱਖ ਤਬਾਹ ਕਰ ਦਿੱਤਾ ਉਸ ਲਈ ਜਿੰਮੇਵਾਰ ਕੌਣ ਹੈ । ਇਹ ਵਰਤਾਰਾ ਬਹੁਤ ਵੱਡੀ ਹੱਦ ਤੱਕ ਪਨਪ ਕੇ ਵੱਖੋ- ਵੱਖ ਖੇਤਰਾਂ ਦੇ ਵਿੱਚ ਨੁਕਸਾਨ ਕਰ ਰਿਹਾ ਹੈ ।

ਉਸ ਤੋਂ ਬਾਅਦ ਅਗਲੀ ਗੱਲ ਕਰੀਏ ਤਾਂ ਕਿਸੇ ਪਿੰਡ ਅੰਦਰ ਇੱਕ ਪਰਿਵਾਰ ਦੇ ਹੋਣਹਾਰ ਅਤੇ ਸਾਊ ਲੜਕੇ ਨੂੰ ਵੇਖਣ ਵਾਲੇ ਆਏ ਤਾਂ ਉਹਨਾਂ ਵੇਖਣ ਤੋਂ ਬਾਅਦ ਪਤਾ-ਸਤਾ ਕਰਨ ਦੀ ਗੱਲ ਕੀਤੀ ਤੇ ਉਸ ਤੋਂ ਅਗਲੇ ਦਿਨ ਉਹਨਾਂ ਨੇ ਉਸੇ ਪਿੰਡ ਦੇ ਕਿਸੇ ਵਿਅਕਤੀ ਤੱਕ ਪਹੁੰਚ ਕਰਦਿਆਂ ਉਸ ਨੌਜਵਾਨ ਬਾਰੇ ਪੁੱਛਿਆ ਤਾਂ ਕੁਦਰਤੀ ਵਸ ਉਹਨਾਂ ਨੂੰ ਉਹ ਇੱਕ ਚੁਗਲ ਵਿਅਕਤੀ ਟੱਕਰ ਗਿਆ ਅਤੇ ਉਸ ਨੇ ਉਸ ਨੌਜਵਾਨ ਬਾਰੇ ਅਜਿਹੀਆਂ ਗੱਲਾਂ ਕਰਕੇ ਭਾਨੀ ਮਾਰ ਦਿੱਤੀ ਕਿ ਪੁੱਛੋ ਕੁਝ ਨਾ । ਉਸ ਚੁਗਲ ਕਿਸਮ ਦੇ ਬੰਦੇ ਨੇ ਨੌਜਵਾਨ ਨੂੰ ਵੇਖਣ ਆਏ ਪਰਿਵਾਰ ਨੂੰ ਦੱਸਿਆ ਕਿ ਇਹ ਨੌਜਵਾਨ ਤਾਂ ਨਸ਼ੇੜੀ ਅਤੇ ਬਹੁਤ ਬਦਮਾਸ ਕਿਸਮ ਦਾ ਵਿਅਕਤੀ ਹੈ ਜੇ ਕਿਸੇ ਵੀ ਤਰ੍ਹਾਂ ਤੁਹਾਡੀ ਲੜਕੀ ਦਾ ਰਿਸ਼ਤਾ ਇਸ ਨਾਲ ਹੋ ਗਿਆ ਤਾਂ ਇਹ ਬਹੁਤ ਹੀ ਮਾੜੀ ਗੱਲ ਹੋਵੇਗੀ ਅਤੇ ਤੁਹਾਡੀ ਕੁੜੀ ਤਾਂ ਉਮਰ ਭਰ ਲਈ ਰੁਲ ਜਾਵੇਗੀ । ਉਸ ਤੋਂ ਬਾਅਦ ਕੁੜੀ ਵਾਲਿਆਂ ਨੇ ਮੁੰਡੇ ਨੂੰ ਜਵਾਬ ਦੇ ਦਿੱਤਾ ਪਰ ਬਾਅਦ ਵਿੱਚ ਪਤਾ ਲੱਗਿਆ ਕਿ ਮੁੰਡਾ ਤਾਂ ਬੇਹੱਦ ਸ਼ਰੀਫ ਚੰਗਾ ਇਨਸਾਨ ਸੀ ਜਿਸ ਦਾ ਭਾਵੇਂ ਬਾਅਦ ਵਿੱਚ ਕਿਤੇ ਹੋਰ ਵਿਆਹ ਹੋ ਗਿਆ ਪਰ ਲੜਕੀ ਵਾਲੇ ਪਛਤਾਉਂਦੇ ਰਹਿ ਗਏ ।

ਜੇਕਰ ਇਹ ਸਾਰੇ ਵਰਤਾਰੇ ਦੌਰਾਨ ਗੁਰਬਾਣੀ ਦੇ ਕਥਨ ਦੀ ਗੱਲ ਕਰੀਏ ਤਾਂ ਗੁਰੂ ਸਾਹਿਬ ਦਾ ਫਰਮਾਨ ਹੈ ਕਿ ਨਿੰਦਿਆ ਚੁਗਲੀ ਕਰਨੀ ਬੇਹੱਦ ਇੱਕ ਮਾੜਾ ਕਿਤਾ ਹੈ ਇਹ ਕਿਸੇ ਵੀ ਤਰ੍ਹਾਂ ਨਹੀਂ ਕਰਨੀ ਚਾਹੀਦੀ । ਚੁਗਲੀ ਅਤੇ ਨਿੰਦਿਆ ਤੋਂ ਗੁਰੇਜ ਕਰਦਿਆਂ ਚੰਗੀ ਗੱਲ ਕਰਨ ਦੀ ਲੋੜ ਹੁੰਦੀ ਹੈ । ਗੁਰਬਾਣੀ ਦੇ ਵਿੱਚ ਵੀ ਨਿੰਦਿਆ ਕਰਨ ਵਾਲੇ ਇਨਸਾਨ ਨੂੰ ਚੰਗਾ ਨਹੀਂ ਗਿਣਿਆ ਗਿਆ । ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਉ ਕੇ ਇੱਕ ਚੰਗਾ ਇਨਸਾਨ ਬਣਨਾ ਹੀ ਵੱਡੀ ਗੱਲ ਹੁੰਦੀ ਹੈ । ਗੁਰੂ ਸਾਹਿਬ ਦਾ ਵਾਰ ਵਾਰ ਕਥਨ ਹੈ ਕਿ ਜੇਕਰ ਤੁਸੀਂ ਚੁਗਲੀ ਨਿੰਦਿਆ ਕਰਕੇ ਕਿਸੇ ਦਾ ਨੁਕਸਾਨ ਕਰੋਗੇ ਤਾਂ ਤੁਹਾਡਾ ਵੀ ਕੋਈ ਫਾਇਦਾ ਨਹੀਂ ਹੋਣ ਵਾਲਾ । ਇਸ ਲਈ ਪ੍ਰਮਾਤਮਾ ਦੀ ਰਜ਼ਾ ਵਿੱਚ ਰਾਜ਼ੀ ਰਹਿ ਕੇ ਕਾਰਜ ਕਰਨ ਦੀ ਵੱਡੀ ਲੋੜ ਹੁੰਦੀ ਹੈ । ਇਸ ਲਈ ਪਰਮਾਤਮਾ ਦੀ ਰਜ਼ਾ ਵਿੱਚ ਰਾਜ਼ੀ ਰਹਿ ਕੇ ਕਾਰਜ ਕਰਨ ਦੀ ਵੱਡੀ ਲੋੜ ਹੁੰਦੀ ਹੈ ਅਤੇ ਸਰਬੱਤ ਦਾ ਭਲਾ ਮੰਗਣਾ ਚਾਹੀਦਾ ਹੈ ।

**ਲੇਖ਼ਕ ਸ਼ਿੰਦਰ ਸਿੰਘ ਮੀਰਪੁਰੀ**
**ਫਰਿਜਨੋ ਕੈਲੀਫੋਰਨੀਆ**
**ਅਮਰੀਕਾ**
5592850841

# ਇਤਿਹਾਸ ਦੇ ਪੰਨਿਆ ਤੋਂ ਇਕ ਨਾ ਭੁਲਣ ਵਾਲਾ ਮਹਾਨ ਜਰਨੈਲ- ਬਾਬਾ ਬੰਦਾ ਸਿੰਘ ਬਹਾਦਰ

**ਸੁਰਜੀਤ ਸਿੰਘ ਫਲੋਰਾ**

ਕਲਗੀਧਰ ਪਾਤਿਸਹਾ ਗੁਰੂ ਗੋਬਿੰਦ ਸਿੰਘ ਜੀ ਨੇ ਜਾਬਰ ਹੁਕਮਰਾਨਾਂ ਵਲੋਂ ਗਰੀਬਾਂ, ਨਿਤਾਣਿਆ, ਤੇ ਦਬੇ ਕੁਚਲੇ ਲੋਕਾਂ ਨੂੰ ਸਮਾਨਤਾ ਤੇ ਨਿਆਂ ਦੀਵਾਣ ਲਈ ਜਿਤਨੀਆ ਕੁਰਬਾਨੀਆ ਦਿਤੀਆ ਤੇ ਸੰਘਰਸ਼ ਕੀਤੇ ਉਸਦੀ ਮਿਸਾਲ ਦੁਨਿਆ ਦੇ ਕਿਸੇ ਇਤਿਹਾਸ ਵਿਚ ਨਹੀ ਮਿਲਦੀ। ਆਪਣੇ ਅੰਤਿਮ ਸਮੇ ਵਿਚ ਇਸ ਮਿਸ਼ਨ ਨੂੰ ਜਾਰੀ ਰਖਣ ਲਈ ਉਨਾ ਨੇ ਨੰਦੇੜ ਦੀ ਧਰਤੀ ਤੋਂ ਬਾਬਾ ਬੰਦਾ ਬਹਾਦਰ ਸਿੰਘ ਨੂੰ ਧਾਪੜਾ ਦੇਕੇ ਪੰਜਾਬ ਵਲ ਨੂੰ ਤੋਰਿਆ ਜਿਸਨੇ ਹਕੂਮਤ ਵਲੋਂ ਨਪੀੜੇ ਤੇ ਦੁਖੀ ਲੋਕਾਂ ਨੂੰ ਲਾਮਬੰਧ ਕਰਕੇ ਬੜੇ ਥੋੜੇ ਸਮੇ ਵਿਚ ਹੀ ਸਿਖ ਇਤਿਹਾਸ ਵਿਚ ਪਹਿਲੀ ਵਾਰੀ ਖਾਲਸਾ ਰਾਜ ਸਥਾਪਤ ਕੀਤਾ। ਗੁਰੂ ਗੋਬਿੰਦ ਸਿੰਘ ਵਲੋਂ ਦਬੀ ਕੁਚਲੀ, ਸਤਹੀਣ, ਨਿਰਾਸ਼ ਜਨਤਾ ਨੂੰ ਉਦਮ, ਆਤਮ ਸਨਮਾਨ, ਆਤਮ ਵਿਸ਼ਵਾਸ, ਝੂਝ ਮਰਨ ਤੇ ਫਤਹਿ ਦੀ ਚੜਦੀ ਕਲਾ ਦਾ ਮੁੜ ਸੁਨੇਹਾ ਦਿਤਾ ਉਦੋਂ ਜਦੋਂ ਕੌਮ ਨਿਰਾਸ਼ ਹੋ ਚੁਕੀ ਸੀ, ਥਕ ਚੁਕੀ ਸੀ ਤੇ ਲਗਪਗ ਖਤਮ ਹੋ ਚੁਕੀ ਸੀ।

ਬੰਦਾ ਸਿੰਘ ਬਹਾਦਰ ਭਾਰਤੀ ਇਤਿਹਾਸ ਦੇ ਮਹਾਨ ਸਿੱਖ ਜਰਨੈਲ ਅਤੇ ਯੋਧਿਆਂ ਵਿੱਚੋਂ ਇੱਕ ਹੋਏ ਹਨ ਅਤੇ ਉਹਨਾਂ ਦਾ ਜੀਵਨ ਇਤਿਹਾਸ ਵੀ ਬਹੁਤ ਦਿਲਚਸਪ ਹੈ।

ਇਹ ਇਤਿਹਾਸ ਵਿਚ ਇਕ ਨਾ ਭੁਲਣ ਵਾਲਾ ਉਹ ਮਹਾਨ ਜਰਨੈਲ ਸੀ ਜਿਸਨੇ ਜੋਰ ਜਬਰ ਤੇ ਜੁਲਮ ਦੇ ਖਿਲਾਫ਼ ਹਕੂਮਤ ਨਾਲ ਟੱਕਰ ਲੈਕੇ ਮੁਗਲ ਸਮਰਾਜ ਦੀਆਂ ਜੜਾ ਹਿਲਾ ਦਿਤੀਆਂ। ਜਿਸਨੇ ਪੰਜਾਬ ਦੀ ਧਰਤੀ ਤੇ ਤਕਰੀਬਨ 8 ਸਾਲ ਆਪਣੇ ਘੋੜਿਆਂ ਦੀਆਂ ਪੈੜਾਂ ਦੇ ਨਿਸ਼ਾਨ ਛਡੇ ਤੇ ਪੰਜਾਬ ਵਿਚ ਸਿਖ ਕੋਮ ਨੂੰ ਥੋੜੇ ਸਮੇ ਵਿਚ ਹੀ ਇਕ ਜਬਰਦਸਤ ਰਾਜਨੀਤਕ ਤਾਕਤ ਵਿਚ ਬਦਲ ਕੇ ਰੱਖ ਦਿਤਾ। ਆਰਥਿਕ ਤੇ ਸਮਾਜਿਕ ਸੁਧਾਰ ਕਰਕੇ ਪੰਜਾਬ ਨੂੰ ਇਤਨਾ ਮਜਬੂਤ ਕਰ ਦਿਤਾ ਕਿ ਫਿਰ ਲੰਬੇ ਸਮੇ ਤਕ ਕੋਈ ਵੈਰੀ ਹਿਲਾ ਨਹੀ ਸਕਿਆ। ਜਾਬਰ ਮੁਗਲ ਹਕੂਮਤ ਦੇ ਬਾਦਸ਼ਾਹ ਸਿਖਾਂ ਦਾ ਖ਼ੁਰਾ ਖੋਜ ਮਿਟਾਂਦੇ ਮਿਟਾਂਦੇ ਆਪ ਮਿਟ ਗਏ ਪਰ ਸਿਖੀ ਨਹੀਂ ਮਿਟਾ ਸਕੇ। ਬੰਦਾ ਬਹਾਦਰ ਦੀ 1709-1716, ਸਤ ਸਾਲ ਦੀ ਅਗਵਾਈ ਨੇ ਸਉਥ ਏਸ਼ੀਆ ਦੀ ਸਭ ਤੋਂ ਵਡੇ ਮੁਗਲ ਸਮਰਾਜ ਦੀਆ ਨੀਹਾਂ ਖੋਖਲੀਆਂ ਕਰ ਦਿਤੀਆਂ। ਅਖਿਰ ਜੁਲਮ ਤੇ ਅਨਿਆਂ ਦੇ ਖਿਲਾਫ਼ ਜੂਝਦਿਆਂ ਜੂਝਦਿਆਂ ਜੂਨ 1716 ਵਿਚ ਆਪਣੇ 740 ਸਾਥੀਆਂ ਸਮੇਤ ਜਿਸ ਹੌਸਲੇ, ਚਾਅ,ਖੇੜੇ ਤੇ ਚੜਦੀ ਕਲਾ ਨਾਲ ਸ਼ਹਾਦਤ ਪਾਈ, ਉਹ ਵੀ ਦੁਨੀਆਂ ਦੀ ਇਕ ਵਿਲਖਣ ਸ਼ਹਾਦਤ ਦੀ ਮਿਸਾਲ ਹੈ।ਉਹ ਰਾਜੌਰੀ ਵਿੱਚ ਅਕਤੂਬਰ 27, 1670 ਲਛਮਣ ਦਾਸ, ਰਾਜਪੂਤ ਘਰਾਣੇ ਵਿਚ ਪੈਦਾ ਹੋਏ। ਮਾਂ- ਪਿਓ ਨੂੰ ਸ਼ੋਕ ਸੀ ਕਿ ਉਨ੍ਹਾ ਦਾ ਪੁਤਰ ਵੀ ਇਕ ਬਹਾਦਰ ਯੋਧਾ ਬਣੇ, ਇਸ ਲਈ ਸ਼ੁਰੂ ਤੋ ਹੀ ਉਸ ਦੇ ਅੰਦਰ ਅਸਤਰ ਸ਼ਸ਼ਤਰ ਦਾ ਗਿਆਨ ਤੇ ਸ਼ਿਕਾਰ ਖੇਡਣ ਦਾ ਸ਼ੋਕ ਪੈਦਾ ਕੀਤਾ। ਬਚਪਨ ਵਿਚ ਜਦ ਉਸਦੇ ਹੱਥੋ ਕਿਸੀ ਗਰਭਵਤੀ ਹਿਰਨੀ ਦਾ ਸ਼ਿਕਾਰ ਹੋ ਗਿਆ ਜੋ ਉਸਦੇ ਸਾਮਣੇ ਆਪਣੇ ਅਣਜੰਮੇ ਬਚਿਆਂ ਸਮੇਤ ਤੜਪ ਤੜਪ ਕੇ ਮਰ ਗਈ ਜਿਸਨੂੰ ਦੇਖ ਕੇ ਉਸਦੇ ਦਿਲ ਨੂੰ ਇਤਨੀ ਭਾਰੀ ਸਟ ਲਗੀ ਕਿ ਉਹ ਆਪਣਾ ਘਰ ਬਾਰ ਤਿਆਗ ਕੇ ਵੈਰਾਗੀ ਹੋ ਗਿਆ। ਸ਼ਾਂਤੀ ਦੀ ਭਾਲ ਵਿਚ ਉਸਨੂੰ ਇਕ ਸਾਧੂ ਜਾਨਕੀ ਦਾਸ ਮਿਲਿਆ, ਜਿਸਨੇ ਉਸਦਾ ਨਾਂ ਮਾਧੋ ਦਾਸ ਰਖ ਦਿਤਾ। ਪਰ ਮਨ ਦੀ ਸ਼ਾਂਤੀ ਇਥੋਂ ਵੀ ਨਹੀ ਮਿਲੀ। ਦੇਸ਼ ਭ੍ਰਮਣ ਲਈ ਜਾ ਤੁਰਿਆ। ਨਾਸਕ ਪੰਚਵਟੀ ਦੇ ਸਥਾਨ ਤੇ ਉਸਦਾ ਮੇਲ ਇਕ ਜੋਗੀ ਅਉਕੜ ਨਾਥ ਨਾਲ ਹੋਇਆ, ਜਿਸਦੀ ਸੇਵਾ ਵਿਚ ਰਹਿੰਦੀਆਂ ਉਹ ਯੋਗ ਸਾਧਨਾ ਤੇ ਤਾਂਤਰਿਕ ਵਿਦਿਆ ਵਿਚ ਮਾਹਿਰ ਹੋ ਗਿਆ। ਤਿੰਨ ਸਾਲ ਅਓਕੜ ਨਾਥ ਦੀ ਸੇਵਾ ਵਿਚ ਰਹਿਣ ਤੋਂ ਬਾਦ ਉਸਦੀ ਮੋਤ ਹੋ ਗਈ। ਸਾਰੀਆਂ ਰਿਧੀਆਂ ਸਿਧੀਆਂ, ਜਾਦੂ ਟੂਣਿਆ, ਜੰਤਰ ਮੰਤਰ ਦੀ ਵਿਦਿਆ ਦੀਆਂ ਪੋਥੀਆਂ ਉਸਦੇ ਹਥ ਵਿਚ ਆ ਗਈਆਂ, ਤੇ ਉਸਨੇ ਬਹੁਤ ਜਲਦੀ ਇਸ ਤੇ ਮਹਾਰਥ ਹਾਸਲ ਕਰ ਲਈ। ਬਹੁਤ ਸਾਰੇ ਉਸਦੇ ਚੇਲੇ ਬਣ ਗਏ। ਮਨੋਕਾਮਨਾਵਾਂ ਪੂਰਿਆ ਕਰਾਉਣ ਲਈ ਉਸ ਕੋਲ ਭੀੜ ਲਗੀ ਰਹਿੰਦੀ, ਜਿਸ ਕਰਕੇ ਓਹ ਬਹੁਤ ਹੰਕਾਰੀ ਵੀ ਹੋ ਗਿਆ

ਜਦੋਂ ਗੁਰੂ ਗੋਬਿੰਦ ਸਿੰਘ ਜੀ ਨਦੇੜ ਪੁਜੇ ਤਾਂ ਉਨ੍ਹਾ ਨੇ ਆਪਣਾ ਡੇਰਾ ਨਗੀਨਾ ਘਾਟ ਜਾ ਲਗਾਇਆ। ਆਉਖੜ ਦੀ ਮੋਤ ਤੋ ਬਾਦ ਬੰਦਾ ਵੀ ਭ੍ਰਮਣ ਕਰਦਾ ਕਰਦਾ ਨਦੇੜ ਆ ਪਹੁੰਚਿਆ ਤੇ ਗਾਵੀ ਦੇ ਕੰਢੇ ਆਪਣੇ ਕਰਿਸ਼ਮੇ ਦਿਖਾਣ ਲਗਾ। ਨਦੇੜ ਦੀਆਂ ਸੰਗਤਾ ਵਿਚੋ ਕਿਸੇ ਸਿਖ ਨੇ ਬੰਦਾ ਬਹਾਦਰ ਬਾਰੇ ਦਸਿਆ ਕੀ ਓਹ ਰਿਧੀਆਂ ਸਿਧੀਆਂ ਨਾਲ ਤਖਤ ਤੇ ਸੰਤਾ ਮਹਾਤਮਾ ਨੂੰ ਬਿਠਾਕੇ ਫਿਰ ਤਖਤ ਉਲਟਾਕੇ ਬੜਾ ਖੁਸ਼ ਹੁੰਦਾ ਹੈ। ਗੁਰੂ ਸਾਹਿਬ ਨੇ ਹਸ ਕੇ ਕਿਹਾ ਕੀ ਸਾਨੂੰ ਇਸ ਵੇਲੇ ਤਖਤ ਉਲਟਾਉਣ ਵਾਲਾ ਬੰਦਾ ਹੀ ਚਾਹੀਦਾ ਹੈ।

ਫਿਰ 1708 ਵਿਚ ਉਹ ਸਿੱਖ ਧਰਮ ਦੇ 10ਵੇਂ ਗੁਰੂ ਗੁਰੂ ਗੋਬਿੰਦ ਸਿੰਘ ਜੀ ਉਹਨਾਂ ਨੂੰ ਮਿਲੇ ਅਤੇ ਇੱਥੋਂ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲ ਕੇ ਸਿੱਖ ਧਰਮ ਵਿੱਚ ਆਏ ਅਤੇ ਮਾਧੋ ਦਾਸ ਤੋਂ ਬੰਦਾ ਸਿੰਘ ਬਹਾਦਰ ਬਣ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੰਸਾਰ ਤੋਂ ਜਾਣ ਤੋਂ ਪਹਿਲਾਂ ਬੰਦਾ ਸਿੰਘ ਬਹਾਦਰ ਨੂੰ ਸਿੱਖ ਫੌਜ ਦਾ ਆਗੂ ਬਣਾਇਆ ਅਤੇ ਮੁਗਲਾਂ ਨਾਲ ਲੜਨ ਅਤੇ ਪੰਜਾਬ ਨੂੰ ਆਜ਼ਾਦ ਕਰਨ ਲਈ ਪੰਜਾਬ ਭੇਜਿਆ। ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਪ੍ਰਾਪਤ ਕਰਕੇ ਪੰਜਾਬ ਵੱਲ ਕੂਚ ਕੀਤਾ।

ਉਸਨੇ ਸੋਨੀਪਤ ਵਿੱਚ ਮੁਗਲਾਂ ਵਿਰੁੱਧ ਪਹਿਲੀ ਲੜਾਈ ਲੜੀ ਅਤੇ ਮੁਗਲ ਫੌਜ ਨੂੰ ਹਰਾਇਆ। ਬੰਦਾ ਸਿੰਘ ਨੇ ਸੋਨੀਪਤ ਵਿੱਚ ਮੁਗਲਾਂ ਨੂੰ ਹਰਾ ਕੇ ਭੂਨਾ ਤੋਂ ਮੁਗ਼ਲ ਖ਼ਜ਼ਾਨਾ ਖੋਹ ਲਿਆ। ਇਸ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੇ ਸਮਾਣਾ ‘ਤੇ ਵੱਡਾ ਹਮਲਾ ਕੀਤਾ ਅਤੇ ਮੁਗਲਾਂ ਨੂੰ ਹਰਾ ਕੇ ਵੱਡੀ ਜਿੱਤ ਪ੍ਰਾਪਤ ਕੀਤੀ। ਉਸਨੇ ਮੁਗਲ ਫੌਜ ਨੂੰ ਮਾਰ ਦਿੱਤਾ। ਅਤੇ ਇੱਥੇ ਬੰਦਾ ਸਿੰਘ ਬਹਾਦਰ ਨੇ ਆਪਣਾ ਸਭ ਤੋਂ ਵੱਡਾ ਕਾਰਨਾਮਾ ਕੀਤਾ। ਇਸਨੇ ਸਰਹਿੰਦ ਦੇ ਮੁਗਲ ਗਵਰਨਰ ਵਜ਼ੀਰ ਖਾਨ ਦੇ ਹੁਕਮ ‘ਤੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਜਿਉਂਦਿਾ ਚਿੰਣਾ ਦੇਣ ਵਾਲੇ ਦੋ ਜੱਲਾਦਾਂ ਨੂੰ ਸ਼ਸ਼ਕ ਬੈਗ ਅਤੇ ਬਾਸ਼ਾਲ ਬੈਗ ਆਪਣੇ ਕਬਜ਼ੇ ਵਿਚ ਲੈ ਲਿਆ। ਬੰਦਾ ਸਿੰਘ ਨੇ ਉਨ੍ਹਾਂ ਨੂੰ ਫਾਂਸੀ ਦਿੱਤੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਕਤਲ ਦਾ ਅੰਸ਼ਕ ਰੂਪ ਵਿਚ ਬਦਲਾ ਲਿਆ। ਇਸ ਤੋਂ ਬਾਅਦ ਬੰਦਾ ਸਿੰਘ ਨੇ ਘੁਰਾਮ ‘ਤੇ ਹਮਲਾ ਕੀਤਾ ਅਤੇ ਮੁਗਲਾਂ ਨੂੰ ਦੁਬਾਰਾ ਹਰਾ ਕੇ ਇਸ ‘ਤੇ ਕਬਜ਼ਾ ਕਰ ਲਿਆ।

ਘੁਰਾਮ ਵਿੱਚ ਜਿੱਤ ਤੋਂ ਬਾਅਦ ਬੰਦਾ ਸਿੰਘ ਨੇ ਕਪੂਰੀ ਉੱਤੇ ਹਮਲਾ ਕੀਤਾ। ਕਪੂਰੀ ਦਾ ਗਵਰਨਰ ਕਦਮ-ਉਦ-ਦੀਨ ਬਹੁਤ ਜ਼ਾਲਮ ਸੀ ਅਤੇ ਹਿੰਦੂਆਂ ਉੱਤੇ ਬਹੁਤ ਜ਼ੁਲਮ ਕਰਦਾ ਸੀ। ਬੰਦਾ ਸਿੰਘ ਨੇ ਉਸਨੂੰ ਜੰਗ ਵਿੱਚ ਮਾਰ ਦਿੱਤਾ ਅਤੇ ਕਪੂਰੀ ਜਿੱਤੀ।ਕਪੂਰੀ ਤੋਂ ਬਾਅਦ ਬੰਦਾ ਸਿੰਘ ਨੇ ਸਢੌਰੇ ਉੱਤੇ ਹਮਲਾ ਕੀਤਾ। ਬੰਦਾ ਸਿੰਘ ਨੇ ਲੜਾਈ ਵਿੱਚ ਮੁਗ਼ਲ ਗਵਰਨਰ ਉਸਮਾਨ ਖ਼ਾਨ ਨੂੰ ਹਰਾਇਆ ਅਤੇ ਮਾਰਿਆ ਅਤੇ ਸਢੌਰੇ ਨੂੰ ਆਜ਼ਾਦ ਕਰਵਾਇਆ। ਸਢੌਰੇ ਤੋਂ ਬਾਅਦ ਬੰਦਾ ਸਿੰਘ ਨੇ ਮੁਖਲਿਸਪੁਰ ‘ਤੇ ਕਬਜ਼ਾ ਕਰ ਲਿਆ ਅਤੇ ਇਸ ਦਾ ਨਾਂ ਬਦਲ ਕੇ ਲੋਹਗੜ੍ਹ ਰੱਖ ਦਿੱਤਾ ਅਤੇ ਇਸ ਨੂੰ ਆਪਣੀ ਰਾਜਧਾਨੀ ਐਲਾਨ ਕਰ ਦਿੱਤਾ। ਫਿਰ ਬੰਦਾ ਸਿੰਘ ਦੇ ਜੀਵਨ ਅਤੇ ਕੈਰੀਅਰ ਦੀ ਸਭ ਤੋਂ ਮਹੱਤਵਪੂਰਨ ਲੜਾਈ ਆਈ. ਸਰਹਿੰਦ. ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ‘ਤੇ ਕਈ ਵਾਰ ਹਮਲੇ ਕੀਤੇ ਸਨ ਅਤੇ ਉਨ੍ਹਾਂ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜਿਊਂਦੇ ਜੀਅ ਨੀਹਾਂ ਵਿਚ ਚਿੰਣਵਾ ਕੇ ਸਹੀਦ ਕਰ ਦਿੱਤਾ ਸੀ।ਬੰਦਾ ਅਤੇ ਸਿੱਖ ਉਸ ਦੀ ਫੌੜ ਉਸ ਨੂੰ ਫੜਨ ਲਈ ਬਹੁਤ ਹਲਚਲ ਵਿਚ ਸੀ। ਇਸ ਤੋਂ ਇਲਾਵਾ ਉਸ ਨੇ ਬਹੁਤ ਸਾਰੇ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕੀਤਾ ਸੀ।ਬੰਦਾ ਸਿੰਘ ਫ਼ੌਜ ਨਾਲ ਸਰਹਿੰਦ ਵੱਲ ਕੂਚ ਕੀਤਾ ਅਤੇ ਜਿਵੇਂ ਹੀ ਇਹ ਖ਼ਬਰ ਸਰਹਿੰਦ ਪਹੁੰਚੀ ਤਾਂ ਆਮ ਲੋਕ ਉਹਨਾਂ ਦਾ ਸਵਾਗਤ ਕਰਨ ਅਤੇ ਵਜ਼ੀਰ ਖ਼ਾਨ ਨਾਲ ਲੜਨ ਲਈ ਇਕੱਠੇ ਹੋ ਗਏ। ਭਿਆਨਕ ਲੜਾਈ ਹੋਈ ਅਤੇ ਬੰਦਾ ਸਿੰਘ ਬਹਾਦਰ ਅਤੇ ਭਾਈ ਫਤਿਹ ਸਿੰਘ ਨੇ ਜੰਗ ਵਿੱਚ ਵਜ਼ੀਰ ਖਾਨ ਨੂੰ ਮਾਰ ਦਿੱਤਾ ਅਤੇ ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਕਤਲ ਦਾ ਬਦਲਾ ਲਿਆ। ਉਹ ਅੱਗੇ ਵਧੇ ਅਤੇ ਵਜ਼ੀਰ ਖਾਨ ਸੁਚਾਨੰਦ ਦੇ ਦੀਵਾਨ ਨੂੰ ਮਾਰ ਦਿੱਤਾ ਜਿਸਨੇ ਨੌਜਵਾਨ ਸਾਹਿਬਜ਼ਾਦਿਆਂ ਦੇ ਕਤਲ ਅਤੇ ਸਰਹਿੰਦ ਕਿਲ੍ਹੇ ਨੂੰ ਜਿੱਤਣ ਵਿੱਚ ਵੀ ਭੂਮਿਕਾ ਨਿਭਾਈ ਸੀ।

ਬਾਅਦ ਵਿੱਚ 1715 ਵਿੱਚ ਨਵੇਂ ਗਵਰਨਰ ਅਬਦੁਲ ਸਮਦ ਖ਼ਾਨ ਦੀ ਅਗਵਾਈ ਵਿੱਚ ਮੁਗ਼ਲ ਫ਼ੌਜ ਨੇ ਸੰਖਿਆਤਮਕ ਉੱਤਮਤਾ ਕਾਰਨ ਬੰਦਾ ਸਿੰਘ ਬਹਾਦਰ ਅਤੇ ਉਸਨਾਂ ਦੀ ਫ਼ੌਜ ਨੂੰ ਗੁਰੂਦਾਸ ਨੰਗਲ ਦੇ ਅੰਦਰ ਭਜਾ ਦਿੱਤਾ। ਸਖ਼ਤ ਘੇਰਾਬੰਦੀ 8 ਮਹੀਨਿਆਂ ਤੱਕ ਚੱਲੀ। ਪਰ ਦਸੰਬਰ 1715 ਵਿਚ ਮੁਗਲ ਬੰਦਾ ਵਿਚ ਤੋੜਨ ਵਿਚ ਕਾਮਯਾਬ ਹੋ ਗਏ ਅਤੇ ਉਸਹਨਾਂ ਦੇ ਸਾਥੀਆਂ ਨੂੰ ਫੜ ਲਿਆ ਗਿਆ। ਉਹਨਾਂ ਨੂੰ ਬੇਇੱਜ਼ਤ ਕਰਨ ਲਈ ਜਾਣਬੁੱਝ ਕੇ ਸ਼ਾਹੀ ਕੱਪੜੇ ਪਹਿਨਾਏ ਗਏ ਅਤੇ ਦਿੱਲੀ ਲਿਜਾਇਆ ਗਿਆ। ਉੱਥੇ ਉਹਨਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ ਅਤੇ ਉਹਨਾਂ ਨੇ ਅਤੇ ਸਾਰੇ ਬੰਦੀ ਸਿੱਖਾਂ ਨੇ ਇਨਕਾਰ ਕਰ ਦਿੱਤਾ। ਫਿਰ ਉਹਨਾਂ ਨੂੰ ਆਪਣੇ ਪੁੱਤਰ ਨੂੰ ਆਪਣੇ ਹੱਥਾਂ ਨਾਲ ਮਾਰਨ ਲਈ ਕਿਹਾ ਗਿਆ ਜਿਸ ਤੋਂ ਉਸ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਸਿੱਖ ਬੱਚੇ, ਔਰਤਾਂ ਨੂੰ ਨਹੀਂ ਮਾਰਦੇ। ਫਿਰ ਉਸਦਾ ਪੁੱਤਰ ਮਾਰਿਆ ਗਿਆ ਅਤੇ ਬੰਦਾ ਸਿੰਘ ਬਹਾਦਰ ਨੂੰ ਵੀ ਤਸੀਹੇ ਦੇ ਕੇ ਮਾਰਿਆ ਗਿਆ।

ਹਰੀਸ਼ ਢਿੱਲੋਂ ਲਿਖਦੇ ਹਨ," ਕੋਤਵਾਲ ਸਰਬਰਾਹ ਖ਼ਾਨ ਦੇ ਇਸ਼ਾਰੇ ਉੱਪਰ ਅਜੈ ਸਿੰਘ ਦੇ ਤਲਵਾਰ ਨਾਲ ਟੁਕੜੇ ਕਰ ਦਿੱਤੇ ਗਏ। ਬੰਦਾ ਬਹਾਦਰ ਅਡੋਲ ਬੈਠੇ ਰਹੇ। ਅਜੈ ਸਿੰਘ ਉਹਨਾਂ ਦੇ ਪੁਤਰ ਦਾ ਦਿਲ ਉਨ੍ਹਾਂ ਦੇ ਸਰੀਰ ਵਿੱਚੋਂ ਕੱਢ ਕੇ ਬੰਦਾ ਬਹਾਦਰ ਦੇ ਮੂੰਹ ਵਿੱਚ ਤੁੰਨਿਆ ਗਿਆ। ਇਸ ਤੋਂ ਬਾਅਦ ਜਲਾਦ ਨੇ ਆਪਣਾ ਧਿਆਨ ਬੰਦੇ ਵੱਲ ਮੋੜਿਆ।

ਉਨ੍ਹਾਂ ਦਾ ਮਾਸ ਨੋਚਿਆ ਗਿਆ। ਇਸ ਦੌਰਾਨ ਪੂਰੀ ਕੋਸ਼ਿਸ਼ ਕੀਤੀ ਗਈ ਕਿ ਉਨ੍ਹਾਂ ਨੂੰ ਜ਼ਿੰਦਾ ਰੱਖਿਆ ਜਾਵੇ। ਆਖ਼ਰ ਕਈ ਤਸੀਹੇ ਦੇਣ ਮਗਰੋਂ ਜਲਾਦ ਨੇ ਬੰਦੇ ਦੇ ਸਿਰ ਨੂੰ ਧੜ ਤੋਂ ਵੱਖ ਕਰ ਦਿੱਤਾ।"ਇਸ ਤਰ੍ਹਾਂ ਪਹਿਲੇ ਸਿੱਖ ਰਾਜ ਦੀ ਸਥਾਪਨਾ ਕਰਨ ਵਾਲੇ ਬੰਦਾ ਸਿੰਘ ਬਹਾਦਰ ਦੀ ਮਹਾਨ ਗਾਥਾ ਦਾ ਅੰਤ ਹੋ ਗਿਆ। ਲਛਮਣ ਦੇਵ ਤੋਂ ਮਾਧੋ ਦਾਸ ਅਤੇ ਮਾਧੋ ਦਾਸ ਤੋਂ ਬੰਦਾ ਸਿੰਘ ਬਹਾਦਰ ਤੱਕ ਦੀ ਮਹਾਨ ਯਾਤਰਾ।



**ਬੰਦਾ ਸਿੰਘ ਬਹਾਦਰ ਨੇ ਸਮਾਣਾ ‘ਤੇ ਵੱਡਾ ਹਮਲਾ ਕੀਤਾ ਅਤੇ ਮੁਗਲਾਂ ਨੂੰ ਹਰਾ ਕੇ ਵੱਡੀ ਜਿੱਤ ਪ੍ਰਾਪਤ ਕੀਤੀ। ਉਸਨੇ ਮੁਗਲ ਫੌਜ ਨੂੰ ਮਾਰ ਦਿੱਤਾ। ਅਤੇ ਇੱਥੇ ਬੰਦਾ ਸਿੰਘ ਬਹਾਦਰ ਨੇ ਆਪਣਾ ਸਭ ਤੋਂ ਵੱਡਾ ਕਾਰਨਾਮਾ ਕੀਤਾ। ਇਸਨੇ ਸਰਹਿੰਦ ਦੇ ਮੁਗਲ ਗਵਰਨਰ ਵਜ਼ੀਰ ਖਾਨ ਦੇ ਹੁਕਮ ‘ਤੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਜਿਉਂਦਿਾ ਚਿੰਣਾ ਦੇਣ ਵਾਲੇ ਦੋ ਜੱਲਾਦਾਂ ਨੂੰ ਸ਼ਸ਼ਕ ਬੈਗ ਅਤੇ ਬਾਸ਼ਾਲ ਬੈਗ ਆਪਣੇ ਕਬਜ਼ੇ ਵਿਚ ਲੈ ਲਿਆ। ਬੰਦਾ ਸਿੰਘ ਨੇ ਉਨ੍ਹਾਂ ਨੂੰ ਫਾਂਸੀ ਦਿੱਤੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਕਤਲ ਦਾ ਅੰਸ਼ਕ ਰੂਪ ਵਿਚ ਬਦਲਾ ਲਿਆ। ਇਸ ਤੋਂ ਬਾਅਦ ਬੰਦਾ ਸਿੰਘ ਨੇ ਘੁਰਾਮ ‘ਤੇ ਹਮਲਾ ਕੀਤਾ ਅਤੇ ਮੁਗਲਾਂ ਨੂੰ ਦੁਬਾਰਾ ਹਰਾ ਕੇ ਇਸ ‘ਤੇ ਕਬਜ਼ਾ ਕਰ ਲਿਆ।**



# ਵਿਦੇਸ਼ਾਂ ਵਿੱਚ ਪੰਜਾਬੀ ਭਾਸ਼ਾ ਦਾ ਵਰਤਮਾਨ ਤੇ ਭਵਿੱਖ

*ਪੰਜਾਬੀ ਭਾਸ਼ਾ ਦਾ ਤੀਜਾ ਵੱਡਾ ਆਸਰਾ ਹੈ, ਪੰਜਾਬ ਨਾਲ ਲਗਾਤਾਰ ਸੰਪਰਕ। ਪੰਜਾਬ ਵੱਲ ਗੇੜੇ ਮਾਰਨੇ, ਟੈਲੀਫੋਨ ਜਾਂ ਇੰਟਰਨੈੱਟ ਜ਼ਰੀਏ ਸਬੰਧ ਜੋੜੀ ਰੱਖਣੇ, ਬੱਚਿਆਂ ਦੇ ਵਿਆਹ ਪੰਜਾਬ ਜਾ ਕੇ ਜਾਂ ਪੰਜਾਬੀ ਪਰਿਵਾਰਾਂ ਵਿੱਚ ਕਰਨੇ ਅਤੇ ਪੰਜਾਬ ਵਿੱਚ ਜਾਇਦਾਦ ਬਣਾਈ ਰੱਖਣਾ ਆਦਿ। ਜਿੰਨੀ ਦੇਰ ਵਿਦੇਸ਼ੀਆਂ ਦੀ ਜਾਇਦਾਦ ਪੰਜਾਬ ਵਿੱਚ ਪਈ ਰਹੇਗੀ, ਉਹ ਪੰਜਾਬ ਦੇ ਸੰਪਰਕ ਵਿੱਚ ਰਹਿਣਗੇ ਪਰ ਜੇ ਵਿਦੇਸ਼ੀ ਲੋਕ ਪੰਜਾਬ ਦੀ ਜਾਇਦਾਦ ਤੋਂ ਮੋਹ ਭੰਗ ਕਰ ਬੈਠੇ ਤਾਂ ਉਹ ਹੌਲੀ-ਹੌਲੀ ਪੰਜਾਬ ਅਤੇ ਪੰਜਾਬੀ ਤੋਂ ਪਰ੍ਹੇ ਹੁੰਦੇ ਜਾਣਗੇ। ਚੌਥੀ ਤਰ੍ਹਾਂ ਦੇ ਯਤਨ ਜੋ ਪੰਜਾਬੀ ਭਾਸ਼ਾ ਨੂੰ ਸਾਂਭਣ ਦੇ ਕੀਤੇ ਜਾ ਰਹੇ ਹਨ, ਉਹ ਹੈ ਸਮਾਜਕ ਅਤੇ ਭਾਈਚਾਰਕ ਸਾਂਝ। ਇਨ੍ਹਾਂ ਨੂੰ ਕਈ ਥਾਈਂ ਵੰਡ ਕੇ ਵਿਚਾਰਿਆ ਜਾ ਸਕਦਾ ਹੈ।*




ਬਲਵਿੰਦਰ ਚਹਿਲ ਨਿਊਜ਼ੀਲੈਂਡ

ਭਾਸ਼ਾ ਸਿਰਫ ਸੰਚਾਰ ਨਹੀਂ ਸਗੋਂ ਕਿਸੇ ਵੀ ਸਭਿਅਤਾ ਦੇ ਇਤਿਹਾਸ, ਨਸਲ ਅਤੇ ਵਿਰਸੇ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਜ਼ਰੀਆ ਵੀ ਹੈ। ਜਿਵੇਂ ਪੰਜਾਬੀ ਦਾ ਨਾਂ ਲੈਂਦਿਆਂ ਹੀ ਬਾਬਾ ਫ਼ਰੀਦ, ਗੁਰੂ ਨਾਨਕ ਅਤੇ ਬੁੱਲ੍ਹੇ ਸ਼ਾਹ ਦਾ ਨਾਂ ਸਾਹਮਣੇ ਆ ਜਾਂਦਾ ਹੈ। ਪੰਜਾਬੀ ਨਾਲ ਵਾਹ ਪੈਂਦਿਆਂ ਇਕ ਅਜਿਹੀ ਮਾਨਵਵਾਦੀ ਜਦੋਜਹਿਦ ਦਾ ਦ੍ਰਿਸ਼ ਸਾਹਮਣੇ ਆਉਂਦਾ ਹੈ ਜੋ ਕਲਿਆਣਕਾਰੀ ਸੋਚ ਨਾਲ ਸਰੋਕਾਰ ਰੱਖਦਿਆਂ ਇਕ ਨਵੀਂ ਜੀਵਨ-ਜਾਚ ਦਾ ਰਾਹ ਦਸੇਰਾ ਬਣੀ। ਭਾਸ਼ਾ ਸਾਨੂੰ ਸਦੀਆਂ ਦੀ ਦਾਸਤਾਨ ਸੁਣਾਉਂਦੀ ਅਤੇ ਸਿਖਾਉਂਦੀ ਹੈ ਜਿਸ ਰਾਹੀਂ ਕਿਸੇ ਵਿਸ਼ੇਸ਼ ਭੂ-ਖੰਡ ਵਿੱਚ ਵਸਣ ਵਾਲੇ ਲੋਕਾਂ ਦੇ ਗੁਣ, ਵਿਹਾਰ, ਆਚਾਰ, ਸ਼ੌਕ, ਸੁਭਾਅ, ਵਿਸ਼ਵਾਸ, ਕੰਮ-ਕਾਜ ਅਤੇ ਮਨੋਰੰਜਨ ਆਦਿ ਦਾ ਵੇਰਵਾ ਪ੍ਰਾਪਤ ਹੁੰਦਾ ਹੈ। ਸੋ ਭਾਸ਼ਾ ਮਹਿਜ਼ ਮਨ ਦੀ ਗੱਲ ਦੂਸਰੇ ਮਨ ਤਕ ਪਹੁੰਚਾਣ ਦਾ ਮਾਰਗ ਹੀ ਨਹੀਂ ਸਗੋਂ ਇਕ ਅਜਿਹੀ ਕੜੀ ਹੈ ਜੋ ਕਿਸੇ ਭਾਸ਼ਾ ਬੋਲਣ ਵਾਲੇ ਲੋਕਾਂ ਦਾ ਪਿਛੋਕੜ, ਜਦੋਜਹਿਦ, ਸੰਘਰਸ਼ ਅਤੇ ਪ੍ਰਾਪਤੀਆਂ ਦੀ ਤਸਵੀਰ ਵੀ ਉਜਾਗਰ ਕਰਦੀ ਹੈ। ਇਸੇ ਸੰਦਰਭ ਵਿੱਚ ਅਸੀਂ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਤੋਂ ਬਾਹਰ ਪੰਜਾਬੀ ਭਾਸ਼ਾ ਦਾ ਮਹੱਤਵ, ਸਥਿਤੀ ਅਤੇ ਭਵਿੱਖ ਜਾਨਣ ਦੀ ਕੋਸ਼ਿਸ਼ ਕਰਾਂਗੇ।

ਸਮੇਂ ਦੇ ਗੇੜ ਨਾਲ ਪੰਜਾਬੀ ਨੂੰ ਕਦੀ ਧਰਮ ਆਧਾਰਤ, ਕਦੀ ਲਿੱਪੀ ਆਧਾਰਤ ਅਤੇ ਕਦੀ ਦੋ ਦੇਸ਼ਾਂ ਵਿੱਚ ਵੰਡਣ ਦੀ ਕੋਸ਼ਿਸ਼ ਹੋਈ। ਦੇਸ਼ ਵੰਡ ਤੋਂ ਪਹਿਲਾਂ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਨੂੰ ਸਿੱਖਾਂ ਦੇ ਹਿੱਸੇ, ਉਰਦੂ ਭਾਸ਼ਾ ਅਤੇ ਫਾਰਸੀ ਲਿੱਪੀ ਨੂੰ ਮੁਸਲਮਾਨਾਂ ਦੇ ਹਿੱਸੇ ਅਤੇ ਹਿੰਦੀ ਭਾਸ਼ਾ ਅਤੇ ਦੇਵਨਾਗਰੀ ਲਿੱਪੀ ਨੂੰ ਹਿੰਦੂਆਂ ਦੇ ਹਿੱਸੇ ਪਾਉਣ ਦੇ ਯਤਨ ਹੁੰਦੇ ਰਹੇ। ਫਿਰ ਪੰਜਾਬੀ ਭਾਸ਼ਾ ਨੂੰ ਦੇਵਨਾਗਰੀ ਵਿੱਚ ਲਿਖਣ ਦੀ ਪ੍ਰੋੜਤਾ ਵੀ ਹੋਈ। ਪਰ ਧੰਨ ਪੰਜਾਬੀ ਜਿਸ ਦੇ ਸਪੂਤ ਭਾਈ ਵੀਰ ਸਿੰਘ, ਫਿਰੋਜ਼ਦੀਨ ਸ਼ਰਫ ਅਤੇ ਧਨੀ ਰਾਮ ਚਾਤ੍ਰਿਕ ਵਰਗਿਆਂ ਨੇ ਸਿੱਖ, ਮੁਸਲਿਮ ਜਾਂ ਹਿੰਦੂ ਨਹੀਂ ਸਗੋਂ ਪੰਜਾਬੀ ਹੋਣ ਦਾ ਮਾਣ ਪ੍ਰਾਪਤ ਕੀਤਾ।

ਦੇਸ਼ ਵੰਡ ਨਾਲ ਪੰਜਾਬ ਅਤੇ ਪੰਜਾਬੀ ਦੋ ਥਾਈਂ ਵੰਡੀ ਗਈ। ਭਾਰਤ ਵਿੱਚ ਗੁਰਮੁਖੀ ਲਿੱਪੀ ਅਤੇ ਪਾਕਿਸਤਾਨ ਵਿੱਚ ਫਾਰਸੀ ਲਿੱਪੀ ਪ੍ਰਚੱਲਤ ਹੋ ਗਈਆਂ। ਭਾਰਤੀ ਪੰਜਾਬ ਵਿੱਚ ਪੰਜਾਬੀ ਭਾਸ਼ਾ ਸਕੂਲਾਂ ਵਿੱਚ ਪੜ੍ਹਾਈ ਜਾ ਰਹੀ ਹੈ ਜਦ ਕਿ ਪਾਕਿਸਤਾਨ ਵਿੱਚ ਸਿਰਫ ਬੋਲੀ ਜਾਂਦੀ ਹੈ ਜਾਂ ਫਿਰ ਫਾਰਸੀ ਲਿੱਪੀ ਵਿੱਚ ਲਿਖੀ ਜਾ ਰਹੀ ਹੈ। ਇੰਜ ਪੰਜਾਬੀ ਲਿਖਣ ਲਈ ਦੋ ਨਿਸ਼ਚਿਤ ਲਿੱਪੀਆਂ ਪ੍ਰਯੋਗ ਹੋ ਰਹੀਆਂ ਹਨ ਪਰ ਹੁਣੇ ਜਿਹੇ ਖਬਰਾਂ ਆ ਰਹੀਆਂ ਹਨ ਕਿ ਉੱਤਰ ਪ੍ਰਦੇਸ਼ ਵਿੱਚ ਪੰਜਾਬੀ ਲਈ ਦੇਵਨਾਗਰੀ ਲਿੱਪੀ ਦਾ ਪ੍ਰਚਲਣ ਸ਼ੁਰੂ ਹੋ ਗਿਆ ਹੈ। ਇਸ ਦੇ ਨਾਲ ਹੀ ਇਕ ਹੋਰ ਚੌਥੀ ਲਿੱਪੀ ਦਾ ਰੁਝਾਨ ਤੇਜ਼ੀ ਨਾਲ ਵੱਧ ਰਿਹਾ ਹੈ ਉਹ ਹੈ ਕੰਪਿਊਟਰ ਜ਼ਰੀਏ ਰੋਮਨ ਲਿੱਪੀ ਦੀ ਵਰਤੋਂ। ਭਾਵੇਂ ਇਹ ਰੁਝਾਨ ਪੰਜਾਬੋਂ ਬਾਹਰ ਜ਼ਿਆਦਾ ਚਲ ਰਿਹਾ ਹੈ। ਭਾਸ਼ਾ ਦੇ ਰਲੇਵੇਂ ਤਹਿਤ ਭਾਰਤੀ ਪੰਜਾਬੀ ਵਿੱਚ ਹਿੰਦੀ, ਸੰਸਕ੍ਰਿਤ ਦ ਸ਼ਬਦ ਘੁਮੜ ਰਹੇ ਹਨ ਤੇ ਪਾਕਿਸਤਾਨ ਵਿੱਚ ਫਾਰਸੀ, ਉਰਦੂ ਦਾ ਰਲੇਵਾਂ ਜਾਰੀ ਹੈ ਅਤੇ ਵਿਦੇਸ਼ਾਂ ਵਿੱਚ ਸਬੰਧਤ ਦੇਸ਼ ਦੇ ਭਾਸ਼ਾ ਦੇ ਸ਼ਬਦਾਂ ਦਾ ਰਲਣਾ ਤੇਜ਼ੀ ਨਾਲ ਵਧ ਰਿਹਾ ਹੈ।

ਭਾਵੇਂ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਸਮਾਜਿਕ ਅਤੇ ਸਭਿਆਚਾਰਕ ਰੂਪ ਵਿੱਚ ਪ੍ਰਫੁਲਤ ਹੋ ਰਹੀ ਹੈ ਪਰ ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਗਿਣਤੀ, ਪੰਜਾਬ ਤੋਂ ਦੂਰੀ ਅਤੇ ਸਥਾਨਕ ਸਰਕਾਰੀ ਸਹਾਇਤਾ ਅਨੁਸਾਰ ਪੰਜਾਬੀ ਨੂੰ ਵੱਖ-ਵੱਖ ਰੂਪਾਂ ਵਿੱਚ ਬੋਲਣ ਅਤੇ ਸਾਂਭਣ ਦੇ ਉਪਰਾਲੇ ਹੋ ਰਹੇ ਹਨ।

ਜਿਨ੍ਹਾਂ ਦੇਸ਼ਾਂ ਵਿੱਚ ਪੰਜਾਬੀ ਬਹੁ-ਗਿਣਤੀ ਕਰਕੇ ਜਾਂ ਸਕੂਲਾਂ ਵਿੱਚ ਪੜ੍ਹਾਈ ਜਾਣ ਕਰ ਕੇ ਬਚੀ ਹੋਈ ਹੈ, ਉੱਥੇ ਪੰਜਾਬੀ ਦੇ ਭਵਿੱਖ ਦਾ ਖਤਰਾ ਘੱਟ ਹੈ ਜਿਵੇਂ ਕੈਨੇਡਾ ਵਿੱਚ। ਪਰ ਜਿਨ੍ਹਾਂ ਦੇਸ਼ਾਂ ਵਿੱਚ ਜਾਂ ਕਹਿ ਲਵੋ ਵੱਖ-ਵੱਖ ਦੇਸ਼ਾਂ ਦੇ ਉਨ੍ਹਾਂ ਸ਼ਹਿਰਾਂ ਵਿੱਚ ਜਿੱਥੇ ਪੰਜਾਬੀ ਲੋਕਾਂ ਦੀ ਗਿਣਤੀ ਜ਼ਿਕਰਯੋਗ ਨਹੀਂ, ਉੱਥੇ ਪੰਜਾਬੀ ਭਾਸ਼ਾ ਦੇ ਭਵਿੱਖ ਪ੍ਰਤੀ ਡੂੰਘੀ ਸੋਚ -ਵਿਚਾਰ ਦੀ ਲੋੜ ਹੈ। ਵੇਖਦੇ ਹਾਂ ਕਿ ਪੰਜਾਬੀ ਨੂੰ ਜਿਉਂਦੇ ਰਹਿਣ ਜਾਂ ਰੱਖਣ ਲਈ ਕਿਨ੍ਹਾਂ ਔਖਾਂ ਵਿੱਚੋਂ ਗੁਜ਼ਰਨਾ ਪੈ ਰਿਹਾ ਹੈ ਅਤੇ ਇਸ ਦੇ ਭਵਿੱਖ ਦੀ ਕੀ ਆਸ ਰੱਖੀ ਜਾ ਸਕਦੀ ਹੈ।

ਪੰਜਾਬੀ ਦੇ ਪਹਿਲੇ ਹਿਤੈਸ਼ੀ ਉਹ ਲੋਕ ਹਨ ਜਿਨ੍ਹਾਂ ਨੂੰ ਪੰਜਾਬੀ ਨਾਲ ਮੋਹ ਹੈ ਅਤੇ ਉਹ ਇਸ ਦੇ ਭਵਿੱਖ ਪ੍ਰਤੀ ਚਿੰਤਤ ਵੀ ਹਨ। ਉਹ ਪੰਜਾਬੀ ਲੋਕ ਜਿਨ੍ਹਾਂ ਨੂੰ ਸਬੰਧਤ ਵਿਦੇਸ਼ੀ ਭਾਸ਼ਾ, ਜਿੱਥੇ ਵੀ ਰਹਿ ਰਹੇ ਹਨ, ਨਹੀਂ ਆਉਂਦੀ, ਉਹ ਵੀ ਪੰਜਾਬੀ ਦਾ ਆਧਾਰ ਹਨ। ਇਨ੍ਹਾਂ ਵਿੱਚ ਉਹ ਪੰਜਾਬੀ ਵੀ ਸ਼ਾਮਲ ਹਨ ਜਿਨ੍ਹਾਂ ਦਾ ਜਾਂ ਤਾਂ ਸਬੰਧਤ ਵਿਦੇਸ਼ੀ ਭਾਸ਼ਾ ਬੋਲਣ ਵਾਲੇ ਲੋਕਾਂ ਨਾਲ ਵਾਹ ਹੀ ਘੱਟ ਪੈਂਦਾ ਹੈ ਜਾਂ ਫਿਰ ਉਨ੍ਹਾਂ ਦਾ ਇੱਧਰੋਂ-ਉਧਰੋਂ ਸਰ ਜਾਂਦਾ ਹੈ।

ਪੰਜਾਬੀ ਨੂੰ ਦੂਜਾ ਸਹਾਰਾ ਉਨ੍ਹਾਂ ਲੋਕਾਂ ਜਾਂ ਪਰਿਵਾਰਾਂ ਦਾ ਹੈ ਜਿੱਥੇ ਘਰਾਂ ਵਿੱਚ ਪੰਜਾਬੀ ਬੋਲੀ ਜਾਂਦੀ ਹੈ। ਨਾਲ ਹੀ ਘਰ ਵਿੱਚ ਜੇ ਘਰ ਵਿੱਚ ਕੋਈ ਪੰਜਾਬੀ ਅਖਬਾਰ ਜਾਂ ਰਸਾਲਾ ਆਉਂਦਾ ਹੋਵੇ ਜਾਂ ਫਿਰ ਕੋਈ ਪੰਜਾਬੀ ਰੇਡੀਓ ਜਾਂ ਟੀ.ਵੀ. ਚਲਦਾ ਹੋਵੇ। ਪੰਜਾਬੀ ਪਰਿਵਾਰਾਂ ਦੇ ਆਪਸੀ ਸਬੰਧਾਂ ਦੀ ਵੀ ਕਾਫੀ ਮਹੱਤਤਾ ਹੈ ਭਾਵ ਜਿਨ੍ਹਾਂ ਪੰਜਾਬੀ ਪਰਿਵਾਰਾਂ ਦਾ ਹੋਰ ਪੰਜਾਬੀ ਪਰਿਵਾਰਾਂ ਨਾਲ ਮੇਲ-ਜੋਲ ਹੈ ਅਤੇ ਉਹ ਮਿਲਣ ਸਮੇਂ ਪੰਜਾਬੀ ਭਾਸ਼ਾ ਹੀ ਬੋਲਦੇ ਹੋਣ।

ਪੰਜਾਬੀ ਭਾਸ਼ਾ ਦਾ ਤੀਜਾ ਵੱਡਾ ਆਸਰਾ ਹੈ, ਪੰਜਾਬ ਨਾਲ ਲਗਾਤਾਰ ਸੰਪਰਕ। ਪੰਜਾਬ ਵੱਲ ਗੇੜੇ ਮਾਰਨੇ, ਟੈਲੀਫੋਨ ਜਾਂ ਇੰਟਰਨੈੱਟ ਜ਼ਰੀਏ ਸਬੰਧ ਜੋੜੀ ਰੱਖਣੇ, ਬੱਚਿਆਂ ਦੇ ਵਿਆਹ ਪੰਜਾਬ ਜਾ ਕੇ ਜਾਂ ਪੰਜਾਬੀ ਪਰਿਵਾਰਾਂ ਵਿੱਚ ਕਰਨੇ ਅਤੇ ਪੰਜਾਬ ਵਿੱਚ ਜਾਇਦਾਦ ਬਣਾਈ ਰੱਖਣਾ ਆਦਿ। ਜਿੰਨੀ ਦੇਰ ਵਿਦੇਸ਼ੀਆਂ ਦੀ ਜਾਇਦਾਦ ਪੰਜਾਬ ਵਿੱਚ ਪਈ ਰਹੇਗੀ, ਉਹ ਪੰਜਾਬ ਦੇ ਸੰਪਰਕ ਵਿੱਚ ਰਹਿਣਗੇ ਪਰ ਜੇ ਵਿਦੇਸ਼ੀ ਲੋਕ ਪੰਜਾਬ ਦੀ ਜਾਇਦਾਦ ਤੋਂ ਮੋਹ ਭੰਗ ਕਰ ਬੈਠੇ ਤਾਂ ਉਹ ਹੌਲੀ-ਹੌਲੀ ਪੰਜਾਬ ਅਤੇ ਪੰਜਾਬੀ ਤੋਂ ਪਰ੍ਹੇ ਹੁੰਦੇ ਜਾਣਗੇ।

ਚੌਥੀ ਤਰ੍ਹਾਂ ਦੇ ਯਤਨ ਜੋ ਪੰਜਾਬੀ ਭਾਸ਼ਾ ਨੂੰ ਸਾਂਭਣ ਦੇ ਕੀਤੇ ਜਾ ਰਹੇ ਹਨ, ਉਹ ਹੈ ਸਮਾਜਕ ਅਤੇ ਭਾਈਚਾਰਕ ਸਾਂਝ। ਇਨ੍ਹਾਂ ਨੂੰ ਕਈ ਥਾਈਂ ਵੰਡ ਕੇ ਵਿਚਾਰਿਆ ਜਾ ਸਕਦਾ ਹੈ।

ਸਾਰੇ ਜਾਣਦੇ ਹਨ ਕਿ ਸਿੱਖ ਗੁਰੂਆਂ ਦਾ ਪੰਜਾਬੀ ਸਾਹਿਤ, ਇਤਿਹਾਸ, ਸਮਾਜਕ ਵਿਕਾਸ ਅਤੇ ਲਿੱਪੀ ਪ੍ਰਤੀ ਯੋਗਦਾਨ ਵਿਲੱਖਣ ਹੈ। ਧੁਰ ਤੋਂ ਹੀ ਗੁਰੂਆਂ, ਗੁਰੂਆਂ ਦੀ ਸੰਗਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨੇ ਪੰਜਾਬੀ ਭਾਸ਼ਾ ਨੂੰ ਸਾਂਭਿਆ, ਸੰਵਾਰਿਆ ਹੈ। ਉਪਰੰਤ ਗੁਰਦੁਆਰਿਆਂ ਦੀ ਸਥਾਪਨਾ ਨਾਲ ਹੋਣ ਵਾਲੇ ਧਾਰਮਿਕ ਸਮਾਗਮਾਂ ਨੇ ਵੀ ਪੰਜਾਬੀ ਭਾਸ਼ਾ ਅਤੇ ਸਮਾਜ ਨੂੰ ਸੇਧ ਦਿੱਤੀ। ਇਸੇ ਅਗਵਾਈ ਸਦਕਾ ਜਿੱਥੇ ਵੀ ਪੰਜਾਬੀ ਵਸਦੇ ਗਏ, ਉੱਥੇ ਗੁਰਦੁਆਰਿਆਂ ਦੀ ਉਸਾਰੀ ਹੁੰਦੀ ਗਈ। ਪੰਜਾਬੀਆਂ ਨੇ ਧਰਮ ਜਾਂ ਫਿਰਕੇ ਤੋਂ ਉਪਰ ਉਠ ਕੇ ਪੰਜਾਬੀ ਪ੍ਰਤੀ ਸੁਹਿਰਦਤਾ ਅਤੇ ਲਗਾਓ ਕਾਇਮ ਰੱਖਿਆ ਹੈ।

ਪੰਜਾਬੀ ਭਾਈਚਾਰੇ ਵੱਲੋਂ ਮਨਾਏ ਅਤੇ ਲਗਾਏ ਜਾਂਦੇ ਮੇਲੇ ਅਤੇ ਤਿੱਥ-ਤਿਓਹਾਰਾਂ ਨੇ ਵੀ ਪੰਜਾਬੀ ਨੂੰ ਵੱਖ-ਵੱਖ ਦੇਸ਼ਾਂ ਵਿੱਚ ਜਿਉਂਦਾ ਰੱਖਿਆ ਹੈ। ਵਿਸਾਖੀ ਤੋਂ ਦੀਵਾਲੀ, ਗੁਰਪੁਰਬਾਂ ਦੇ ਨਗਰ ਕੀਰਤਨ, ਵਿਆਹ, ਜਨਮ-ਦਿਨ, ਖੁਸ਼ੀ ਦੇ ਸਮਾਗਮ, ਟੂਰਨਾਮੈਂਟ, ਸੁਸਾਇਟੀ ਅਤੇ ਕਲੱਬਾਂ ਦੀਆਂ ਮੀਟਿੰਗਾਂ, ਸੋਗ-ਸਮਾਗਮਾਂ ਸਮੇਤ ਇਕ ਅਮੁੱਕ ਲੜੀ ਹੈ ਜੋ ਵਿਦੇਸ਼ਾਂ ਵਿੱਚ ਪੰਜਾਬੀਆਂ ਨੂੰ ਨਾ-ਸਿਰਫ ਜ਼ੁਬਾਨ ਦੇ ਆਧਾਰ 'ਤੇ ਹੀ ਜੋੜ ਕੇ ਰੱਖਦੀ ਹੈ ਸਗੋਂ ਪੰਜਾਬੀ ਪਰੰਪਰਾਵਾਂ ਜਾਂ ਮੰਨਤਾਂ ਨੂੰ ਵੀ ਜਿਉਂਦਾ ਰੱਖਦੀ ਹੈ।

ਸਭਿਆਚਾਰਕ ਸਮਾਗਮ ਭਾਵੇਂ ਉਹ ਗੀਤ-ਸੰਗੀਤ ਨਾਲ ਸਬੰਧਤ ਹੋਣ ਜਾਂ ਫਿਰ ਨਾਚ-ਮੇਲਿਆਂ ਨਾਲ ਪਰ ਉਹ ਜੀਵਨ ਵਿੱਚ ਹੁਲਾਸ ਪੈਦਾ ਕਰਨ ਦੇ ਨਾਲ-ਨਾਲ ਪੰਜਾਬੀਅਤ ਦਾ ਰੰਗ ਵੀ ਗੂੜ੍ਹਾ ਕਰਦੇ ਹਨ। ਪੰਜਾਬੀ ਗੀਤਾਂ ਵਿਚਲੀ ਅਸ਼ਲੀਲਤਾ ਅਤੇ ਗੀਤਾਂ ਦਾ ਡਿਗਦਾ ਮਿਆਰ ਇਕ ਨਾਕਾਰਾਤਮਿਕ ਪਹਿਲੂ ਹੈ, ਪ੍ਰੰਤੂ ਇੱਥੇ ਵਿਸ਼ੇ ਤੋਂ ਬਾਹਰ ਹੋਣ ਕਾਰਨ ਇਸ ਦਾ ਜ਼ਿਕਰ ਨਹੀਂ ਕੀਤਾ ਜਾ ਰਿਹਾ।

ਅਖੀਰ ਵਿੱਚ ਸਭ ਤੋਂ ਅਹਿਮ ਅਤੇ ਵਿਸ਼ੇਸ਼ ਯਤਨ ਹਨ ਸਮਾਜਕ ਅਤੇ ਸਾਹਿਤਕ ਸਮਾਗਮ ਜਾਂ ਫਿਰ ਨਾਟਕ ਅਤੇ ਚਿੰਤਨ-ਸੰਵਾਦ। ਭਾਵੇਂ ਇਨ੍ਹਾਂ ਦੀ ਗਿਣਤੀ ਵੀ ਘੱਟ ਹੁੰਦੀ ਹੈ ਅਤੇ ਇਨ੍ਹਾਂ ਵਿੱਚ ਪਹੁੰਚਣ ਵਾਲੇ ਲੋਕ ਵੀ ਘੱਟ ਹੁੰਦੇ ਹਨ ਪਰ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਪ੍ਰਤੀ ਇਨ੍ਹਾਂ ਦੀ ਸਾਰਥਿਕਤਾ ਸਭ ਤੋਂ ਵੱਧ ਹੈ।

ਸਾਰਿਆਂ ਨੂੰ ਪਤਾ ਹੈ ਕਿ ਗਿੱਧਿਆਂ, ਭੰਗੜਿਆਂ, ਟੂਰਨਾਮੈਂਟਾਂ, ਗੀਤ-ਸੰਗੀਤ ਦੀ ਸਾਰਥਿਕਤਾ ਜਾਂ ਅਹਿਮੀਅਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਪਰ ਇਨ੍ਹਾਂ ਰਾਹੀਂ ਪੰਜਾਬੀ ਜ਼ੁਬਾਨ ਅਤੇ ਸਭਿਆਚਾਰ ਨੂੰ ਸਾਂਭਣ ਅਤੇ ਵਿਕਸਤ ਕਰਨ ਦਾ ਉਹ ਮੁਕਾਮ ਹਾਸਲ ਨਹੀਂ ਹੋਣਾ ਜੋ ਪੁਸਤਕਾਂ ਪੜ੍ਹਨ, ਚਿੰਤਨ ਕਰਨ ਅਤੇ ਸਾਹਿਤਕ ਸਮਾਗਮ ਜਾਂ ਸੈਮੀਨਾਰ ਕਰਵਾਉਣ ਨਾਲ ਹੋਣਾ ਹੈ। ਪੁਸਤਕ ਸਭਿਆਚਾਰ ਪ੍ਰਤੀ ਚਿੰਤਤ ਹੋਣਾ ਬਹੁਤ ਜ਼ਰੂਰੀ ਹੈ। ਸਾਡੇ ਘਰਾਂ ਵਿੱਚ ਕਿਤਾਬਾਂ, ਅਖਬਾਰਾਂ ਜਾਂ ਰਸਾਲਿਆਂ ਦੀ ਆਮਦ ਬਹੁਤ ਨਿਗੂਣੀ ਹੈ। ਘਰ ਦੇ ਬਾਲਗ ਨਾ ਸਿਰਫ ਖੁਦ ਹੀ ਅਖਬਾਰ ਜਾਂ ਕਿਤਾਬ ਪੜ੍ਹਦੇ ਹਨ ਅਤੇ ਨਾ ਹੀ ਬੱਚਿਆਂ ਨੂੰ ਇਸ ਪਾਸੇ ਪ੍ਰੇਰਿਤ ਕਰਦੇ ਹਨ। ਇਸ ਲਈ ਪੁਸਤਕ ਗਿਆਨ ਸਰੋਤ ਨਾਂਹ ਦੇ ਬਰਾਬਰ ਵਰਤਿਆ ਜਾਂਦਾ ਹੈ।

ਵਿਦੇਸ਼ਾਂ ਵਿੱਚ ਵਸ ਰਹੇ ਪੰਜਾਬੀ ਭਾਈਚਾਰੇ ਦਾ ਸਰੂਪ ਪਛਾਣਨ ਲਈ ਉਨ੍ਹਾਂ ਨੂੰ ਭਾਰਤ-ਪਾਕਿਸਤਾਨ ਨਾਲ ਮੇਲ ਕੇ ਨਹੀਂ ਵੇਖਿਆ ਜਾ ਸਕਦਾ। ਭਾਰਤੀ ਪੰਜਾਬ ਵਿੱਚ ਤਾਂ ਪੰਜਾਬੀ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਹੈ। ਭਾਰਤ-ਪਾਕਿ ਦੋਹੀਂ ਥਾਈਂ ਸਮਾਜ ਵਿੱਚ ਪੰਜਾਬੀ ਦਾ ਬੋਲ-ਬਾਲਾ ਹੈ। ਪ੍ਰੰਤੂ ਵਿਦੇਸ਼ਾਂ ਵਿੱਚ ਪੰਜਾਬੀ ਲਈ ਮੌਕੇ ਪ੍ਰਦਾਨ ਕਰਨੇ ਪੈਂਦੇ ਹਨ ਜਿਨ੍ਹਾਂ ਲਈ ਉਚੇਚੇ ਯਤਨ ਕਰਨੇ ਪੈਂਦੇ ਹਨ।

ਸੋ ਚਾਹੀਦਾ ਹੈ ਕਿ ਵਿਦੇਸ਼ ਵਸਦੇ ਲੋਕ ਘਰਾਂ ਵਿੱਚ ਅਤੇ ਹੋਰਨਾਂ ਪੰਜਾਬੀ ਲੋਕਾਂ ਨਾਲ ਗੱਲਬਾਤ ਸਮੇਂ ਪੰਜਾਬੀ ਦੀ ਵਰਤੋਂ ਯਕੀਨੀ ਬਨਾਉਣ। ਖਾਸ ਕਰ ਬੱਚਿਆਂ ਨੂੰ ਗੱਲਬਾਤ ਵਿੱਚ ਵੱਧ ਤੋਂ ਵੱਧ ਸ਼ਾਮਲ ਕੀਤਾ ਜਾਵੇ। ਬੱਚਿਆਂ ਤੋਂ ਪੰਜਾਬ ਨੂੰ ਟੈਲੀਫੋਨ ਜਾਂ ਨੈੱਟ ਸੰਪਰਕ ਰਾਹੀਂ ਪੰਜਾਬੀ ਨੂੰ ਪਹਿਲ ਦਿੱਤੀ ਜਾਵੇ। ਜਦੋਂ ਵੀ ਪੰਜਾਬੀ ਬੱਚੇ ਆਪਸ ਵਿੱਚ ਮਿਲਣ, ਖੇਡਣ ਜਾਂ ਟੈਲੀਫੋਨ ਕਰਨ ਤਾਂ ਸੁਚੇਤ ਰਿਹਾ ਜਾਵੇ ਕਿ ਉਹ ਮਾਂ-ਭਾਸ਼ਾ ਦੀ ਹੀ ਵਰਤੋਂ ਕਰਦੇ ਹਨ। ਜੇ ਅਜਿਹਾ ਨਾ ਹੋਇਆ ਤਾਂ ਨਿਸ਼ਚਿਤ ਹੈ ਕਿ ਬੱਚੇ ਸਥਾਨਕ ਦੇਸ਼ ਦੀ ਭਾਸ਼ਾ ਦਾ ਹੀ ਇਸਤੇਮਾਲ ਕਰਨਗੇ ਕਿਉਂਕਿ ਉਹ ਭਾਸ਼ਾ ਉਨ੍ਹਾਂ ਦੇ ਸਕੂਲ ਦੀ ਭਾਸ਼ਾ ਹੈ ਅਤੇ ਭਵਿੱਖ ਦੇ ਸੁਪਨੇ ਪੂਰਾ ਕਰਨ ਦਾ ਸਾਧਨ ਵੀ। ਉਦਾਹਰਣ ਹਿੱਤ ਯੂ.ਪੀ., ਬਿਹਾਰ ਜਾਂ ਰਾਜਸਥਾਨ ਤੋਂ ਪੰਜਾਬ ਪਹੁੰਚੇ ਪਰਵਾਸੀ ਕਾਮਿਆਂ ਦੇ ਜੁਆਕ ਜਦੋਂ ਪੰਜਾਬ ਦੇ ਸਕੂਲਾਂ ਵਿੱਚ ਪੜ੍ਹਦੇ ਹਨ ਤਾਂ ਪੰਜਾਬੀ ਹੀ ਬੋਲਦੇ, ਸਿੱਖਦੇ ਅਤੇ ਲਿਖਦੇ ਹਨ।

ਸੋ ਪੰਜਾਬੀ ਨੂੰ ਜਿਉਂਦਾ ਅਤੇ ਵਧਦਾ-ਫੁਲਦਾ ਰੱਖਣ ਲਈ ਜ਼ਰੂਰੀ ਹੈ ਕਿ ਭਾਸ਼ਾ ਨੂੰ ਬੋਲਣ ਅਤੇ ਸੁਣਨ ਪੱਧਰ 'ਤੇ ਜਿਉਂਦਾ ਰੱਖਿਆ ਜਾਵੇ। ਜੇ ਇਹ ਲਗਾਓ ਰਹਿੰਦਾ ਹੈ ਤਾਂ ਲਿਖਣ-ਪੜ੍ਹਨ ਦੀ ਰੁਚੀ ਦੀ ਆਸ ਕੀਤੀ ਜਾ ਸਕਦੀ ਹੈ। ਜਿਵੇਂ ਪਾਕਿਸਤਾਨ ਵਿੱਚ ਪੰਜਾਬੀ ਬੋਲੀ ਅਤੇ ਸੁਣੀ ਜਾਂਦੀ ਹੈ ਪਰ ਹੁਣ ਗੁਰਮੁਖੀ ਵਿੱਚ ਲਿਖਣ ਅਤੇ ਛਪਣ ਦੀਆਂ ਵਿਚਾਰਾਂ ਸ਼ੁਰੂ ਹੋ ਗਈਆਂ ਹਨ ਜਿਹੜੀ ਕਿ ਹੁਣ ਤਕ ਸਿਰਫ ਪੜ੍ਹੇ-ਲਿਖੇ ਲੋਕਾਂ ਵੱਲੋਂ ਫਾਰਸੀ ਲਿੱਪੀ ਵਿੱਚ ਲਿਖੀ ਪੜ੍ਹੀ ਜਾਂਦੀ ਸੀ।

ਅਸੀਂ ਵੇਖ ਲਿਆ ਹੈ ਕਿ ਪਾਕਿਸਤਾਨ ਵਿੱਚ ਪੰਜਾਬੀਆਂ ਦੇ ਭਾਸ਼ਾ -ਮੋਹ ਨੇ ਅੱਜ ਉਨ੍ਹਾਂ ਨੂੰ ਗੁਰਮੁਖੀ ਲਿੱਪੀ ਵੱਲ ਪ੍ਰੇਰਿਤ ਕਰ ਲਿਆ ਹੈ। ਉੱਥੇ ਸਕੂਲਾਂ ਵਿੱਚ ਪੰਜਾਬੀ ਸ਼ੁਰੂ ਹੋਣ ਦੇ ਆਸਾਰ ਨਜ਼ਰ ਆ ਰਹੇ ਹਨ। ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਪੰਜਾਬੀ ਪੜ੍ਹਾਉਣ ਦੇ ਇੰਤਜ਼ਾਮ ਹੋ ਚੁੱਕੇ ਹਨ। ਤਕਰੀਬਨ ਸਾਰੇ ਵਿਦੇਸ਼ੀ ਮੁਲਕਾਂ ਵਿੱਚ ਗੁਰਦੁਆਰਿਆਂ ਵਿੱਚ ਥੋੜ੍ਹੀ-ਮੋਟੀ ਪੰਜਾਬੀ ਦੀ ਜਾਣਕਾਰੀ ਦਿੱਤੀ ਹੀ ਜਾਂਦੀ ਹੈ। ਨਾਲੇ ਜੇ ਭਲਾ ਫਿਜੀ ਵਰਗੇ ਨਿੱਕੇ ਜਿਹੇ ਟਾਪੂ-ਨੁਮਾ ਦੇਸ਼ ਵਿੱਚ ਭਾਰਤੀ ਮੂਲ ਦੇ ਲੋਕਾਂ ਨੇ ਭਾਰਤ ਨਾਲ ਨਾਂ-ਮਾਤਰ ਸਬੰਧ ਰੱਖਦੇ ਹੋਏ ਵੀ ਡੇਢ ਸੌ ਸਾਲ ਤੋਂ ਹਿੰਦੀ ਜੀਵਤ ਰੱਖੀ ਹੋਈ ਹੈ ਤਾਂ ਪੰਜਾਬੀ ਲਈ ਕਿਧਰੇ ਵੀ ਕੀ ਖਤਰਾ ਹੋ ਸਕਦਾ ਹੈ?

ਪੰਜਾਬੀਆਂ ਦਾ ਪੰਜਾਬ ਨਾਲ ਲਗਾਤਾਰ ਸੰਪਰਕ ਇਸ ਗੱਲ ਦਾ ਗਵਾਹ ਹੈ ਕਿ ਉਹ ਜੰਮਣ -ਭੌਂ ਭੁੱਲਣ ਵਾਲੇ ਨਹੀਂ। ਹਰ ਰੋਜ਼ ਹਰ ਦਿਸ਼ਾ ਤੋਂ ਪੰਜਾਬੀਆਂ ਨਾਲ ਭਰੇ ਜਹਾਜ਼ ਭਾਰਤ ਵੱਲ ਜਾ-ਆ ਰਹੇ ਹਨ। ਵਿਦੇਸ਼ਾਂ ਵਿੱਚ ਮਿੰਨੀ ਪੰਜਾਬ ਉਸਰ ਰਹੇ ਹਨ। ਹੋਰ ਤਾਂ ਹੋਰ ਭਾਰਤੀ ਸਿਨੇਮੇ ਦੀ ਦੁਨੀਆ ਵਿੱਚ ਚੰਗੀ ਪਹੁੰਚ ਬਣ ਰਹੀ ਹੈ ਅਤੇ ਭਾਰਤੀ ਸਿਨੇਮੇ ਦਾ ਪੰਜਾਬੀਕਰਨ ਹੋ ਰਿਹਾ ਹੈ। ਇਹ ਪੰਜਾਬੀ ਲਈ ਚੰਗਾ ਹੁੰਗਾਰਾ ਹੈ।

ਆਸ ਕਰਦੇ ਹਾਂ ਕਿ ਪੰਜਾਬੀ ਵਿਦੇਸ਼ਾਂ ਵਿੱਚ ਵਿਦੇਸ਼ੀ ਭਾਸ਼ਾਵਾਂ ਨਾਲ ਓਤਪੋਤ ਹੋ ਕੇ ਜ਼ਿੰਦਾ ਰਹੇਗੀ ਭਾਵੇਂ ਕਿ ਇਸ ਦਾ ਮੌਜੂਦਾ ਸਰੂਪ ਥੋੜ੍ਹਾ ਬਦਲਦਾ ਰਹੇ। ਜੇ ਪੰਜਾਬ ਨਾਲ ਸਾਹਿਤਕ ਅਤੇ ਇਤਿਹਾਸਕ ਧਰਾਤਲ ਬੱਝੀ ਰਹੀ ਤਾਂ ਪੰਜਾਬੀ ਦਾ ਭਵਿੱਖ ਰੌਸ਼ਨ ਹੀ ਹੋਵੇਗਾ।






# ਇਕ ਜੱਟ ਦੇ ਖੇਤ ਨੂੰ ਅੱਗ ਲੱਗੀ ਵੇਖੋ ਆਣ ਕੇ ਕਦੋਂ ਬੁਝਾਂਵਦਾ ਈ....



- ਪ੍ਰੇਮ ਸਰੂਪ ਛਾਜਲੀ
9417134982

ਸਵੇਰ ਵੇਲੇ ਚੁਫੇਰੇ ਨਜ਼ਰ ਆਉਂਦੀ ਧੁੰਦ ਕੁਦਰਤੀ ਮੌਸਮ ਤਬਦੀਲੀ ਦੀ ਨਿਸ਼ਾਨੀ ਨਹੀਂ ਬਲਕਿ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਨਾਲ ਪੈਦਾ ਹੋਈ ਧੁਆਂਖੀ ਧੁੰਦ ਹੈ। ਧੁੰਦ ਅਤੇ ਧੂੰਏਂ ਦੇ ਸੁਮੇਲ ਤੋਂ ਪੈਦਾ ਹੁੰਦੀ ਇਹ ਧੁਆਂਖੀ ਧੁੰਦ ਜਿੱਥੇ ਸਿਹਤ ਲਈ ਹਾਨੀਕਾਰਕ ਹੈ ਉੱਥੇ ਵਾਤਾਵਰਨ ਪ੍ਰਦੂਸ਼ਣ ਫੈਲਾਉਣ ਅਤੇ ਹਾਦਸਿਆਂ ਨੂੰ ਸੱਦਾ ਦੇਣ ਲਈ ਵੀ ਜ਼ਿੰਮੇਵਾਰ ਹੈ। ਖੇਤਾਂ 'ਚ ਪਰਾਲੀ ਅਤੇ ਨਾੜ ਨੂੰ ਲਾਈ ਜਾਂਦੀ ਅੱਗ ਨਾਲ ਜੋ ਦ੍ਰਿਸ਼ ਪੈਦਾ ਹੁੰਦਾ ਹੈ ਉਸ ਨੂੰ ਪ੍ਰਸਿੱਧ ਕਿੱਸਾਕਾਰ ਵਾਰਿਸ ਸ਼ਾਹ ਨੇ ਬਹੁਤ ਸਮੇਂ ਪਹਿਲਾਂ ਲਿਖੇ ਕਿੱਸੇ 'ਹੀਰ' 'ਚ ਬਿਆਨਿਆ ਹੈ: 'ਇਕ ਜੱਟ ਦੇ ਖੇਤ ਨੂੰ ਅੱਗ ਲੱਗੀ ਵੇਖੋ ਆਣ ਕੇ ਕਦੋਂ ਬੁਝਾਂਵਦਾ ਈ।' ਅਕਤੂਬਰ ਅਤੇ ਨਵੰਬਰ ਵਿੱਚ ਹਵਾ ਪ੍ਰਦੂਸ਼ਣ ਵਿੱਚ ਚਿੰਤਾਜਨਕ ਵਾਧੇ ਦਾ ਇੱਕ ਕਾਰਨ ਪੰਜਾਬ ਅਤੇ ਹਰਿਆਣਾ ਵਿੱਚ ਝੋਨੇ ਦੀ ਪਰਾਲੀ ਨੂੰ ਸਾੜਨਾ ਮੰਨਿਆ ਜਾਂਦਾ ਹੈ। ਕਿਸਾਨਾਂ ਨੂੰ ਅਕਤੂਬਰ 'ਚ ਖੇਤ ਖ਼ਾਲੀ ਕਰਨ ਦੀ ਕਾਹਲੀ ਵੀ ਹੁੰਦੀ ਹੈ ਕਿਉਕਿ ਉਨ੍ਹਾਂ ਨੂੰ ਆਪਣੀ ਹਾੜ੍ਹੀ ਦੀ ਫ਼ਸਲ ਆਲੂ, ਮਟਰ, ਸਰ੍ਹੋਂ, ਕਣਕ ਆਦਿ ਦੀ ਬਿਜਾਈ ਲਈ ਖੇਤ ਤਿਆਰ ਕਰਨ ਲਈ ਬਹੁਤ ਘੱਟ ਸਮਾਂ ਮਿਲਦਾ ਹੈ। ਪੰਜਾਬ ਅਤੇ ਹਰਿਆਣਾ ਨੂੰ ਛੱਡ ਕੇ ਦੇਸ਼ ਭਰ 'ਚ ਜ਼ਿਆਦਾਤਰ ਝੋਨਾ ਹੱਥ ਨਾਲ ਵੱਢਿਆ ਜਾਂਦਾ ਹੈ ਅਤੇ ਫਿਰ ਹੱਥ ਨਾਲ ਹੀ ਝਾੜ ਕੇ ਕੱਢਿਆ ਜਾਂਦਾ ਹੈ। ਹੱਥ ਨਾਲ ਵੱਢਣ ਅਤੇ ਝਾੜਨ 'ਚ ਇੱਕ ਤਾਂ ਕੋਈ ਪ੍ਰਦੂਸ਼ਣ ਨਹੀਂ ਹੁੰਦਾ, ਡੀਜ਼ਲ ਦਾ ਖ਼ਰਚਾ ਬਚਦਾ ਹੈ ਅਤੇ ਦੂਜਾ ਪੇਂਡੂ ਖੇਤਰਾਂ 'ਚ ਮਜ਼ਦੂਰਾਂ ਨੂੰ ਖ਼ੂਬ ਰੁਜ਼ਗਾਰ ਵੀ ਮਿਲਦਾ ਹੈ। ਮਸ਼ੀਨ ਨਾਲ ਵਾਢੀ ਤੋਂ ਬਾਅਦ ਪਰਾਲੀ ਸਾੜਨ ਨਾਲ ਸਿਰਫ਼ ਪ੍ਰਦੂਸ਼ਣ ਹੀ ਨਹੀਂ ਹੁੰਦਾ ਸਗੋਂ ਜ਼ਮੀਨ 'ਚ ਨਾਈਟ੍ਰੋਜਨ, ਫ਼ਾਸਫੋਰਸ, ਸਲਫ਼ਰ, ਪੋਟਾਸ਼ੀਅਮ ਵਰਗੇ ਪੌਸ਼ਕ ਤੱਤਾਂ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਦਾ ਵੀ ਨੁਕਸਾਨ ਹੁੰਦਾ ਹੈ। ਇਸ ਕਾਰਨ ਅਗਲੀ ਫ਼ਸਲ 'ਚ ਹੋਰ ਜ਼ਿਆਦਾ ਮਾਤਰਾ 'ਚ ਰਸਾਇਣਿਕ ਖਾਦਾਂ ਦੀ ਵਰਤੋਂ ਕਰਨੀ ਪੈਂਦੀ ਹੈ ਇਸ ਨਾਲ ਕਿਸਾਨਾਂ ਦੀ ਲਾਗਤ ਅਤੇ ਧਰਤੀ ਦਾ ਤਾਪਮਾਨ ਵੀ ਵਧਦਾ ਹੈ ਜਿਸ ਨਾਲ ਬਹੁਤ ਸਾਰੇ ਹੋਰ ਗੰਭੀਰ ਮਾੜੇ ਨਤੀਜੇ ਹੁੰਦੇ ਹਨ ਅੱਗ 'ਚ ਖੇਤੀ 'ਚ ਸਹਾਇਕ ਗੰਢੋਆ, ਹੋਰ ਸੂਖ਼ਮ ਜੀਵ ਵੀ ਨਸ਼ਟ ਹੋ ਜਾਂਦੇ ਹਨ। ਇਸ ਨਾਲ ਭਵਿੱਖ 'ਚ ਫ਼ਸਲਾਂ ਦੀ ਪੈਦਾਵਰ ਵੱਡੀ ਮਾਤਰਾ 'ਚ ਘਟ ਸਕਦੀ ਹੈ ਅਤੇ ਦੇਸ਼ 'ਚ ਅੰਨ ਸੰਕਟ ਖੜ੍ਹਾ ਹੋ ਸਕਦਾ ਹੈ।

**ਵੱਧ ਖ਼ਤਰਨਾਕ ਹੁੰਦਾ ਪਰਾਲੀ ਦਾ ਧੂੰਆਂ**

ਕਿਸਾਨਾਂ ਵੱਲੋਂ ਹਰ ਸਾਲ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਲਾਈ ਜਾਂਦੀ ਅੱਗ ਦਾ ਮੁੱਦਾ ਅੱਗ ਵਾਂਗ ਹੀ ਭਖਦਾ ਰਹਿੰਦਾ ਹੈ ਕਿਉਕਿ ਝੋਨੇ ਦੀ ਪਰਾਲੀ ਵਾਲੀ ਅੱਗ ਦੇ ਧੂੰਏਂ ਦਾ ਸੇਕ ਹਰਿਆਣੇ ਵਿੱਚੋਂ ਹੁੰਦਾ ਹੋਇਆ ਦਿੱਲੀ ਤੱਕ ਵੀ ਪੁੱਜ ਜਾਂਦਾ ਹੈ। ਇਸ ਤੋਂ ਬਿਨਾਂ ਜ਼ਹਿਰੀਲੇ ਧੂੰਏਂ ਕਾਰਨ ਲੋਕਾਂ ਦਾ ਸਾਹ ਲੈਣਾ ਮੁਸ਼ਕਲ ਹੋ ਜਾਂਦਾ ਹੈ ਅਤੇ ਸੰਘਣੇ ਧੂੰਏਂ ਕਾਰਨ ਕਈ ਵਾਰ ਸੜਕ ਹਾਦਸੇ ਵੀ ਹੋ ਜਾਂਦੇ ਹਨ। ਪਰ ਝੋਨੇ ਦੀ ਪਰਾਲੀ ਦਾ ਇਹ ਜ਼ਹਿਰੀਲਾ ਧੂੰਆਂ ਕਿਸਾਨ ਦੇ ਆਪਣੇ ਅਤੇ ਉਸ ਦੇ ਪਰਿਵਾਰ ਦੇ ਫੇਫੜਿਆਂ ਵਿੱਚੋਂ ਲੰਘ ਕੇ ਅੱਗੇ ਜਾਂਦਾ ਹੈ। ਕਣਕ ਦੇ ਨਾੜ ਨਾਲੋਂ ਝੋਨੇ ਦੀ ਪਰਾਲੀ ਦਾ ਧੂੰਆਂ ਇਸ ਕਰਕੇ ਵੀ ਜ਼ਿਆਦਾ ਖ਼ਤਰਨਾਕ ਹੁੰਦਾ ਹੈ ਕਿਉਕਿ ਝੋਨੇ ਦੇ ਗਿੱਲੇ ਨਾੜ ਨੂੰ ਅੱਗ ਲਾਈ ਜਾਂਦੀ ਹੈ। ਜਿਸ ਕਰਕੇ ਧੂੰਆਂ ਸੰਘਣਾ ਤੇ ਚਿੱਟਾ ਹੁੰਦਾ ਹੈ। ਦੂਸਰਾ ਕਣਕ ਨਾਲੋਂ ਝੋਨੇ 'ਤੇ ਕੀਟਨਾਸ਼ਕ ਤੇ ਨਦੀਨਨਾਸ਼ਕਾਂ ਦੀ ਵਰਤੋਂ ਵੀ ਜ਼ਿਆਦਾ ਹੁੰਦੀ ਹੈ। ਜਿਸ ਕਰਕੇ ਧੂੰਆਂ ਜ਼ਹਿਰੀਲਾ ਹੋਣ ਕਰਕੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਪੈਦਾ ਕਰਦਾ ਹੈ। ਪਰਾਲੀ ਨੂੰ ਅੱਗ ਲੱਗਣ ਕਾਰਨ ਨੇੜੇ ਖੜ੍ਹੇ ਰੁੱਖ ਅਤੇ ਜ਼ਮੀਨ ਵਿੱਚ ਰਹਿਣ ਵਾਲੇ ਮਿੱਤਰ ਕੀੜੇ ਵੀ ਅੱਗ 'ਚ ਸੜ ਜਾਂਦੇ ਹਨ। ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਲਈ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਨੂੰ ਲਾਈ ਜਾਂਦੀ ਅੱਗ ਹੀ ਜ਼ਿੰਮੇਵਾਰ ਹੈ ਜਾਂ ਫਿਰ ਹੋਰ ਵੀ ਕਈ ਅਜਿਹੇ ਸਾਧਨ ਹਨ ਜਿਨ੍ਹਾਂ ਰਾਹੀਂ ਵਾਤਾਵਰਨ ਨੂੰ ਪ੍ਰਦੂਸ਼ਿਤ ਕੀਤਾ ਜਾਂਦਾ ਹੈ। ਦੀਵਾਲੀ ਮੌਕੇ ਤਿਉਹਾਰ ਦੇ ਨਾਂਅ 'ਤੇ ਚਲਾਈ ਜਾਂਦੀ ਆਤਿਸ਼ਬਾਜ਼ੀ ਤੇ ਹੋਰ ਧਾਰਮਿਕ ਸਮਾਗਮਾਂ ਵੇਲੇ ਵੀ ਧਮਾਕੇਦਾਰ ਪਟਾਕੇ ਚਲਾਏ ਜਾਂਦੇ ਹਨ। ਜਿਨ੍ਹਾਂ ਰਾਹੀਂ ਸਾਰਾ ਸਾਲ ਹੀ ਪ੍ਰਦੂਸ਼ਣ ਫੈਲਦਾ ਰਹਿੰਦਾ ਹੈ।

**ਕਿਵੇਂ ਹੋਏ ਰੋਕਥਾਮ**

ਕਿਸਾਨ ਪਰਾਲੀ ਨੂੰ ਅੱਗ ਨਾ ਲਾਉਣ ਅਤੇ ਖੇਤਾਂ 'ਚ ਪਰਾਲੀ ਸਮੇਟਣ ਵਾਲੇ ਸੰਦਾਂ 'ਤੇ ਸਬਸਿਡੀ ਪਿਛਲੇ ਕਈ ਸਾਲਾਂ ਤੋਂ ਦਿੱਤੀ ਜਾ ਰਹੀ ਹੈ ਫਿਰ ਵੀ ਇਹ ਮਸ਼ੀਨਰੀ ਖ਼ਰੀਦਣੀ ਦਰਮਿਆਨੇ ਤੇ ਛੋਟੇ ਕਿਸਾਨਾਂ ਦੇ ਵੱਸ ਦੀ ਗੱਲ ਨਹੀਂ।

**ਡੀਕੰਪੋਜ਼ਰ ਤਕਨੀਕ**

ਕੇਂਦਰੀ ਖੇਤੀ ਖੋਜ ਕੇਂਦਰ (ਪੂਸਾ) ਵੱਲੋਂ ਇਸ ਵਾਰ ਡੀਕੰਪੋਜ਼ਰ ਤਕਨੀਕ ਲਿਆਂਦੀ ਗਈ ਹੈ ਜਿਸ 'ਚ ਕੈਪਸੂਲ, ਗੁੜ ਤੇ ਵੇਸਣ ਦਾ ਘੋਲ ਤਿਆਰ ਕਰਕੇ ਪਰਾਲੀ 'ਤੇ ਛਿੜਕਾਅ ਕੀਤਾ ਜਾਵੇਗਾ ਖੇਤੀ ਮਾਹਿਰਾਂ ਅਨੁਸਾਰ ਇਸ ਛਿੜਕਾਅ ਨਾਲ ਪਰਾਲੀ ਗਲ਼ ਕੇ ਖਾਦ ਬਣ ਜਾਵੇਗੀ ਜੇ ਇਹ ਤਕਨੀਕ ਕਾਮਯਾਬ ਹੁੰਦੀ ਹੈ ਤਾਂ ਅਗਲੇ ਸਾਲ ਇਸ ਨੂੰ ਦੇਸ਼ ਅੰਦਰ ਵੱਡੇ ਪੱਧਰ 'ਤੇ ਅਪਣਾਇਆ ਜਾ ਸਕਦਾ ਹੈ। ਦਰਅਸਲ ਤਕਨੀਕ ਹੀ ਇਸ ਮਸਲੇ ਦਾ ਸਹੀ ਹੱਲ ਹੈ।

ਧਿਆਨ ਦੇਣ ਯੋਗ ਗੱਲ ਇਹ ਹੈ ਕਿ ਜ਼ਮੀਨ ਨੂੰ ਅੱਗ ਲੱਗਣ ਨਾਲ ਬਹੁਤ ਸਾਰੇ ਸੂਖ਼ਮ ਜੀਵ ਤੇ ਹੋਰ ਮਿੱਤਰ ਕੀਟ, ਜਿਹੜੇ ਜ਼ਮੀਨ ਦੀ ਉਪਜਾਊ ਸ਼ਕਤੀ ਵਿਚ ਵਾਧਾ ਕਰਦੇ ਹਨ, ਉਹ ਨਸ਼ਟ ਹੋ ਜਾਂਦੇ ਹਨ।ਇਸ ਲਈ ਲੋੜ ਹੈ ਕਿਸਾਨ ਸਮਝਦਾਰੀ ਤੋਂ ਕੰਮ ਲੈਣ ਤੇ ਥੋੜ੍ਹੀ ਜਿਹੀ ਮਿਹਨਤ ਨਾਲ ਨਾੜ ਨੂੰ ਖਾਦ ਦੇ ਰੂਪ ਵਿਚ ਵਰਤ ਕੇ ਆਪਣੀ ਜ਼ਮੀਨ ਦੀ ਉਪਜਾਊ ਸ਼ਕਤੀ ਅਤੇ ਵਾਤਾਵਰਨ ਨੂੰ ਖਰਾਬ ਹੋਣੋਂ ਬਚਾ ਸਕਦੇ ਹਨ। ਧਰਤੀ ਦੇ ਸੂਖ਼ਮ ਤੱਤ ਬਰਕਰਾਰ ਰਹਿੰਦੇ ਹਨ।ਤੇ ਧਰਤੀ ਦੀ ਉੱਪਰਲੀ ਤਹਿ ਵਿੱਚ ਕਿਸਾਨ ਦੇ ਮਿੱਤਰ ਕੀੜਿਆਂ ਦਾ ਕੋਈ ਵੀ ਨੁਕਸਾਨ ਨਹੀਂ ਹੁੰਦਾ।

**ਪਰਾਲੀ ਸਾੜਨ ਨਾਲ ਹੋਣ ਵਾਲੇ ਹੋਰ ਨੁਕਸਾਨ**

ਖੇਤਾਂ ਦੇ ਆਲੇ-ਦੁਆਲੇ ਖੜ੍ਹੀ ਬਨਸਪਤੀ ਦਾ ਬਹੁਤ ਨੁਕਸਾਨ ਹੁੰਦਾ ਹੈ, ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ ਜਿਸ ਦਾ ਮਨੁੱਖੀ ਸਿਹਤ 'ਤੇ ਬਹੁਤ ਮਾੜਾ ਅਸਰ ਪੈਂਦਾ ਹੈ, ਇਸ ਨਾਲ ਜੋ ਧੂੰਆਂ ਨਿੱਕਲਦਾ ਹੈ ਉਸਦਾ ਸੜਕੀ ਆਵਾਜਾਈ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਸਿੱਟੇ ਵਜੋਂ ਕਈ ਹਾਦਸੇ ਵਾਪਰਦੇ ਹਨ, ਵਾਤਾਵਰਨ ਵਿੱਚ ਤਾਪਮਾਨ ਦਾ ਵਾਧਾ ਹੁੰਦਾ ਹੈ। ਇਸ ਤੋਂ ਇਲਾਵਾ ਕਈ ਫੈਕਟਰੀਆਂ, ਇੱਟਾਂ ਦੇ ਭੱਠੇ, ਕਾਰਖਾਨਿਆਂ ਆਦਿ ਰਾਹੀਂ ਵੀ ਰਹਿੰਦ ਖ਼ੂੰਹਦ ਤੇ ਧੂੰਏਂ ਦਾ ਪ੍ਰਦੂਸ਼ਣ ਹੁੰਦਾ ਹੈ ਜੋ ਕਿ ਇਨਸਾਨਾਂ ਲਈ ਬਹੁਤ ਹੀ ਖ਼ਤਰਨਾਕ ਹੈ।

ਕੰਬਾਇਨ ਨਾਲ ਵੱਢੀ ਝੋਨੇ ਦੀ ਰਹਿੰਦ-ਖ਼ੂੰਹਦ ਅਗਲੇਰੀ ਫ਼ਸਲ ਲਈ ਖੇਤ ਤਿਆਰ ਕਰਨ ਵਿਚ ਅੜਿੱਕਾ ਖੜ੍ਹਾ ਕਰਦੀ ਹੈ। ਇਸੇ ਮੁਸੀਬਤ ਤੋਂ ਛੁਟਕਾਰਾ ਪਾਉਣ ਲਈ ਕਿਸਾਨ ਆਪਣੇ ਖੇਤਾਂ ਵਿਚ ਖੜ੍ਹੀ ਪਰਾਲੀ ਨੂੰ ਅੱਗ ਲਾ ਦਿੰਦੇ ਹਨ।ਜਿਸ ਨਾਲ ਪੈਦਾ ਹੋਇਆ ਧੂੰਆਂ ਜਿੱਥੇ ਵਾਤਾਵਰਨ ਨੂੰ ਦੂਸ਼ਿਤ ਕਰਦਾ ਹੈ, ਉੱਥੇ ਜਨ-ਜੀਵਨ ਉੱਪਰ ਵੀ ਇਸ ਦਾ ਡਾਢਾ ਮਾੜਾ ਅਸਰ ਪੈਂਦਾ ਹੈ। ਸੜਕਾਂ ਦੇ ਕਿਨਾਰੇ ਖੇਤਾਂ 'ਚ ਲਾਈ ਅੱਗ ਤੋਂ ਪੈਦਾ ਹੋਇਆ ਸਫ਼ੈਦ ਧੂੰਆਂ ਚਾਰ-ਪੰਜ ਕਿਲੋਮੀਟਰ ਤੱਕ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦਾ ਹੈ। ਇਹ ਧੂੰਆਂ ਜਿੱਥੇ ਹਾਦਸਿਆਂ ਨੂੰ ਸੱਦਾ ਦਿੰਦਾ ਹੈ।ਉੱਥੇ ਅੱਖਾਂ ਉਪਰ ਵੀ ਇਸ ਦਾ ਬਹੁਤ ਬੁਰਾ ਅਸਰ ਪੈਂਦਾ ਹੈ। ਸਾਹ ਦੀ ਬਿਮਾਰੀ ਨਾਲ ਪੀੜਤ ਲੋਕਾਂ ਲਈ ਇਹ ਧੂੰਆਂ ਹੋਰ ਵੀ ਮੁਸੀਬਤਾਂ ਖੜ੍ਹੀਆਂ ਕਰਦਾ ਹੈ। ਸ਼ਾਮ ਸਮੇਂ ਲਾਈ ਅੱਗ ਕਾਰਨ ਆਵਾਜਾਈ ਦੇ ਬਹੁਤੇ ਸਾਧਨ ਆਪਸ ਵਿਚ ਟਕਰਾ ਜਾਂਦੇ ਹਨ। ਇਨ੍ਹਾਂ ਹਾਦਸਿਆਂ ਵਿਚ ਅਕਸਰ ਰਾਹਗੀਰ ਆਪਣੀ ਜਾਨ ਤੋਂ ਵੀ ਹੱਥ ਧੋ ਬੈਠਦੇ ਹਨ।

ਦੀਵਾਲੀ ਦੇ ਤਿਉਹਾਰ ਮੌਕੇ ਲੋਕਾਂ ਵੱਲੋਂ ਚਲਾਏ ਪਟਾਕਿਆਂ ਦੇ ਪ੍ਰਦੂਸ਼ਣ ਅਤੇ ਪਰਾਲੀ ਨੂੰ ਅੱਗ ਲਾਉਣ ਦੇ ਪ੍ਰਦੂਸ਼ਣ ਕਾਰਨ ਇਨ੍ਹੀਂ ਦਿਨੀਂ ਪੰਜਾਬ ਦਾ ਵਾਤਾਵਰਨ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੁੰਦਾ ਹੈ ਜਿਸ ਕਾਰਨ ਲੋਕਾਂ ਨੂੰ ਸਾਹ ਲੈਣਾ ਮੁਸ਼ਕਲ ਹੋ ਜਾਂਦਾ ਹੈ ਤੇ ਲੋਕ ਸਾਹ, ਖੰਘ, ਦਮਾ ਆਦਿ ਬਿਮਾਰੀਆਂ ਤੋਂ ਪੀੜਤ ਹੋ ਰਹੇ ਹਨ। ਪੰਜਾਬ 'ਚ ਫੈਲ ਰਹੇ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਸਰਕਾਰ ਅਤੇ ਆਮ ਲੋਕਾਂ ਨੂੰ ਸੰਜੀਦਾ ਹੋਣ ਦੀ ਬਹੁਤ ਲੋੜ ਹੈ।

**ਪਰਾਲੀ ਸਾੜਨ ਦੇ ਮਾਮਲੇ**

ਪੰਜਾਬ 'ਚ ਪਰਾਲੀ ਸਾੜਨ ਦੇ ਇਕ ਹਜ਼ਾਰ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਨਾਲ ਇਸ ਸੀਜ਼ਨ ਦਾ ਰਿਕਾਰਡ ਟੁੱਟ ਗਿਆ ਹੈ। ਇਕ ਨਵੰਬਰ ਨੂੰ ਪਰਾਲੀ ਸਾੜਨ ਦੇ ਕੁੱਲ 1,921 ਮਾਮਲੇ ਦਰਜ ਕੀਤੇ ਗਏ ਹਨ ਜੋ ਮੌਜੂਦਾ ਸੀਜ਼ਨ 'ਚ ਸਭ ਤੋਂ ਵੱਧ ਹਨ। ਤਾਜ਼ਾ ਅੰਕੜਾ ਇਕ ਦਿਨ ਪਹਿਲਾਂ ਦੇ ਮੁਕਾਬਲੇ ਲਗਪਗ 28 ਫ਼ੀਸਦੀ ਦੀ ਵਾਧਾ ਦਰਸਾ ਰਿਹਾ ਹੈ। 31 ਅਕਤੂਬਰ ਨੂੰ ਪ੍ਰਾਂਤ 'ਚ ਪਰਾਲੀ ਸਾੜਨ ਦੀਆਂ 1,389 ਘਟਨਾਵਾਂ ਸਾਹਮਣੇ ਆਈਆਂ ਸਨ। ਜ਼ਿਲ੍ਹਾ ਸੰਗਰੂਰ ਪਰਾਲੀ ਸਾੜਨ 'ਚ ਸਭ ਤੋਂ ਅੱਗੇ ਹੈ। ਇਥੇ 31 ਅਕਤੂਬਰ ਨੂੰ ਇਕ ਹੀ ਦਿਨ 'ਚ 221 ਥਾਵਾਂ 'ਤੇ ਪਰਾਲੀ ਸਾੜੀ ਗਈ।

ਪਿਛਲੇ ਸਾਲ ਦੇ ਮੁਕਾਬਲੇ 46 ਫ਼ੀਸਦੀ ਘਟੇ ਮਾਮਲੇ ਇਸ ਸੀਜ਼ਨ 'ਚ ਪਿਛਲੇ ਸਾਲ ਦੇ ਮੁਕਾਬਲੇ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ 46 ਫ਼ੀਸਦੀ ਕਮੀ ਹੋਈ ਹੈ। ਇਕ ਨੰਬਰ ਤਕ ਰਾਜ 'ਚ ਪਰਾਲੀ ਸਾੜਨ ਦੀਆਂ 9,594 ਘਟਨਾਵਾਂ ਹੋਈਆਂ ਹਨ। ਪਿਛਲੇ ਸਾਲ ਇਕ ਨਵੰਬਰ ਨੂੰ ਪਰਾਲੀ ਸਾੜਨ ਦੀ ਘਟਨਾਵਾਂ ਦਾ ਅੰਕੜਾ 17,846 ਸੀ।

**ਪਰਾਲੀ ਨੂੰ ਸਾਂਭਣ ਦੇ ਤਰੀਕੇ**

- ਪਰਾਲੀ ਦੀਆਂ ਗੰਢਾਂ ਬਣਾ ਕੇ ਖੇਤ ਵਿੱਚੋਂ ਕੱਢਣਾ : ਰੇਕ ਅਤੇ ਬੇਲਰ ਚਲਾ ਕੇ ਪਰਾਲੀ ਦੀਆਂ ਗੰਢਾਂ ਬਣਾ ਅਤੇ ਬਾਇਓਮਾਸ ਅਧਾਰਤ ਬਿਜਲੀ ਪਲਾਂਟਾਂ ਨੂੰ ਵੇਚ ਕੇ ਵਾਧੂ ਮੁਨਾਫਾ ਕਮਾਇਆ ਜਾ ਸਕਦਾ ਹੈ।

ਪਰਾਲੀ ਨੂੰ ਬਤੌਰ ਮਲਚ ਵਰਤ ਕੇ ਜ਼ਮੀਨ ਦੀ ਨਮੀ ਸਾਂਭਣਾ : ਜ਼ੀਰੋ ਟਿੱਲ ਡਰਿੱਲ/ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕਰੋ ਅਤੇ ਪਰਾਲੀ ਨੂੰ ਖੇਤ ਵਿਚ ਹੀ ਰਹਿਣ ਦਿਓ, ਇਹ ਗਲ-ਸੜ ਕੇ ਜ਼ਮੀਨ ਵਿਚ ਰਲ ਜਾਵੇਗੀ ਅਤੇ ਨਦੀਨਾਂ ਨੂੰ ਕੰਟਰੋਲ ਕਰਨ ਦੇ ਨਾਲ-ਨਾਲ ਲਾਹੇਵੰਦ ਖਾਦ ਤੱਤਾਂ ਵਿਚ ਬਦਲ ਜਾਵੇਗੀ।

ਪਰਾਲੀ ਨੂੰ ਮਿੱਟੀ ਵਿਚ ਰਲਾ ਕੇ ਇਸ ਨੂੰ ਖਾਦ ਤੱਤਾਂ ਵਿਚ ਬਦਲਣਾ : ਪੈਡੀ ਸਟਰਾਅ ਚੌਪਰ ਸ਼ਰੈਡਰ ਅਤੇ ਰੋਟਾਵੇਟਰ ਨਾਲ ਪਰਾਲੀ ਦਾ ਕੁਤਰਾ ਕਰ ਕੇ ਖੇਤ ਦੀ ਮਿੱਟੀ ਵਿਚ ਮਿਲਾਓ ਤਾਂ ਜੋ ਇਸ ਤੋਂ ਵਧੀਆ ਰੂੜੀ ਖਾਦ ਦੇ ਰੂਪ ਵਿਚ ਜ਼ਰੂਰੀ ਤੱਤ ਅਗਲੀ ਫ਼ਸਲ ਨੂੰ ਪ੍ਰਾਪਤ ਹੋ ਸਕਣ ਅਤੇ ਜ਼ਮੀਨ ਦੀ ਸਿਹਤ ਵਿਚ ਸੁਧਾਰ ਹੋਵੇ।

# ਰਸਮਾਂ ਰੀਤਾਂ ਕਿ ਕੁਰੀਤੀਆਂ... ?

ਬਰਜਿੰਦਰ ਕੌਰ ਬਿਸਰਾਓ...
9988901324

ਸਾਡੇ ਸਮਾਜ ਵਿੱਚ ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਬਹੁਤ ਰੀਤੀ ਰਿਵਾਜ ਜੁੜੇ ਹੋਏ ਹਨ। ਅਸਲ ਵਿੱਚ ਰੀਤੀ ਰਿਵਾਜ ਜਾਂ ਰਸਮਾਂ ਕੀ ਹੁੰਦੇ ਹਨ ? ਇਸ ਦੀ ਪਰਿਭਾਸ਼ਾ ਜਾਣਨਾ ਵੀ ਜ਼ਰੂਰੀ ਹੈ। ਉਂਝ ਰੀਤੀ ਰਿਵਾਜ ਇੱਕ ਰਸਮੀ ਢੰਗ ਹੈ ਜਿਸ ਵਿੱਚ ਇੱਕ ਸਮੂਹ ਜਾਂ ਭਾਈਚਾਰੇ ਦੇ ਲੋਕ ਨਿਯਮਤ ਤੌਰ @ਤੇ ਜੁੜਦੇ ਹਨ ਅਤੇ ਕੁਛ ਕਾਰਜ ਨਿਭਾਏ ਜਾਂਦੇ ਹਨ। ਸਾਡੇ ਪੁਰਖਿਆਂ ਦੁਆਰਾ ਜੋ ਸ਼ਗਨ ਜਾਂ ਕਾਰਜ ਮਿੱਥੇ ਗਏ ਸਨ ਉਹ ਪੀੜ੍ਹੀ ਦਰ ਪੀੜ੍ਹੀ ਚੱਲੇ ਆ ਰਹੇ ਹਨ ਤੇ ਲੋਕ ਉਹਨਾਂ ਨੂੰ ਅਪਣਾ ਕੇ ਅਗਾਂਹ ਦੀ ਅਗਾਂਹ ਚਲਾਉਂਦੇ ਆ ਰਹੇ ਹਨ ਇਸੇ ਲੜੀ ਨੂੰ ਰੀਤਾਂ ਕਿਹਾ ਜਾਂਦਾ ਹੈ ਅਤੇ ਰੀਤਾਂ ਨੂੰ ਅਪਣਾਉਣ ਨਾਲ ਉਹ ਰਿਵਾਜ ਬਣ ਜਾਂਦੇ ਹਨ ਤੇ ਜੋ ਕਾਰਜ ਨਿਭਾਏ ਜਾਂਦੇ ਹਨ ਉਹ ਰਸਮਾਂ ਹੁੰਦੀਆਂ ਹਨ। ਸਾਡੇ ਵੱਡੇ ਵਡੇਰਿਆਂ ਨੇ ਜੋ ਵੀ ਰੀਤਾਂ ਚਲਾਈਆਂ ਤੇ ਰਸਮਾਂ ਬਣਾਈਆਂ ਸਨ ਉਹਨਾਂ ਪਿੱਛੇ ਕੋਈ ਨਾ ਕੋਈ ਆਧਾਰ ਜ਼ਰੂਰ ਹੁੰਦਾ ਸੀ। ਉਹਨਾਂ ਪਿੱਛੇ ਕੋਈ ਨਾ ਕੋਈ ਕਾਰਨ ਛੁਪਿਆ ਹੋਇਆ ਹੁੰਦਾ ਸੀ ਜਿਸ ਦਾ ਨਤੀਜਾ ਸਾਰਥਕ ਹੀ ਨਿਕਲਦਾ ਸੀ। ਪਰ ਅੱਜ ਕੱਲ੍ਹ ਉਹੀ ਰੀਤੀ-ਰਿਵਾਜ ਅਤੇ ਰਸਮਾਂ ਖੁਸ਼ੀ ਦੇਣ ਵਾਲੀਆਂ ਘੱਟ ਸਗੋਂ ਕੁਰੀਤੀਆਂ ਵੱਧ ਬਣ ਕੇ ਉੱਭਰ ਰਹੀਆਂ ਹਨ। ਸਦੀ ਪਲਟਦੇ ਹੀ ਦੁਨੀਆ ਵਿੱਚ ਵਿਖਾਵੇ ਦੀ ਹੋੜ ਜਿਹੀ ਲੱਗ ਗਈ ਹੈ। ਪਹਿਲਾਂ ਲੋਕ ਕੋਈ ਵੀ ਕੰਮ ਆਪਣੀ ਹੈਸੀਅਤ ਨੂੰ ਮੁੱਖ ਰੱਖ ਕੇ ਕਰਦੇ ਸਨ,ਅੱਜ ਦੇ ਜ਼ਮਾਨੇ ਵਿੱਚ ਲੋਕ ਕੋਈ ਵੀ ਕੰਮ ਦੁਨੀਆਂ ਨੂੰ ਮੁੱਖ ਰੱਖ ਕੇ ਕਰਦੇ ਹਨ। ਉਹਨਾਂ ਦੀ ਸੋਚ ਉੱਪਰ ਦੁਨੀਆਂ ਦੀ ਸੋਚ ਦਾ ਪਹਿਰਾ ਲੱਗਿਆ ਹੁੰਦਾ ਹੈ। ਉਦਾਹਰਣ ਵਜੋਂ ਜੇ ਕਿਤੇ ਵਿਆਹ ਵਾਲੀ ਕੁੜੀ ਜਾਂ ਮੁੰਡੇ ਨੂੰ ਵਿਆਹ ਦੀ ਪੁਸ਼ਾਕ ਲੈ ਕੇ ਦੇਣੀ ਹੁੰਦੀ ਸੀ ਤਾਂ ਪਹਿਲਾਂ ਲੋਕ ਆਪਣੀ ਆਰਥਿਕ ਹਾਲਤ ਨੂੰ, ਆਪਣੀ ਪਸੰਦ ਨੂੰ ਤੇ ਆਪਣੇ ਵੱਡਿਆਂ ਦੀ ਸੋਚ ਨੂੰ ਮੁੱਖ ਰੱਖ ਕੇ ਬਣਾਉਂਦੇ ਸਨ ਪਰ ਅੱਜ ਕੱਲ੍ਹ ਲੋਕ ਨਾ ਆਪਣੇ ਸ਼ਿਸ਼ਟਾਚਾਰ ਨੂੰ ਮੁੱਖ ਰੱਖਦੇ ਹਨ,ਨਾ ਆਪਣੀ ਆਰਥਿਕ ਸਥਿਤੀ ਵੱਲ ਧਿਆਨ ਦਿੰਦੇ ਹਨ ਤੇ ਨਾ ਹੀ ਘਰ ਦੇ ਵੱਡਿਆਂ ਦੀ ਸੋਚ ਦੀ ਕਦਰ ਕਰਦੇ ਹਨ। ਅੱਜ ਕੱਲ੍ਹ ਇਹ ਸੋਚਿਆ ਜਾਂਦਾ ਹੈ ਕਿ ਜੇ ਕਿਤੇ ਉਹਨਾਂ ਨੇ ਨਵੇਂ ਫੈਸ਼ਨ ਦੀ ਪੁਸ਼ਾਕ ਨਾ ਪਾਈ ਤਾਂ ਲੋਕ ਕੀ ਸੋਚਣਗੇ,ਜੇ ਮਹਿੰਗੀ ਐ ਤਾਂ ਕੀ ਹੋਇਆ ਕਰਜ਼ਾ ਲੈ ਕੇ ਕਿਉਂ ਨਾ ਜ਼ਮਾਨੇ ਦੇ ਨਾਲ ਤੁਰਿਆ ਜਾਏ, ਵੱਡੇ ਬਜ਼ੁਰਗਾਂ ਦਾ ਕੀ ਏ, ਉਹਨਾਂ ਨੂੰ ਤਾਂ ਆਖ ਦਿੱਤਾ ਜਾਂਦਾ ਹੈ,÷ ਤੁਹਾਡੇ ਜ਼ਮਾਨੇ ਚਲੇ ਗਏ ਹਨ.... ਅੱਜ ਕੱਲ੍ਹ ਦੇ ਬੱਚਿਆਂ ਨੇ ਤਾਂ ਆਪਣੇ ਜ਼ਮਾਨੇ ਦੇ ਹਿਸਾਬ ਨਾਲ ਹੀ ਚੱਲਣਾ ਹੈ...! ਬਹੁਤ ਸਾਰੇ ਇਹੋ ਜਿਹੇ ਰੀਤੀ ਰਿਵਾਜ ਸਨ ਜੋ ਵੱਡਿਆਂ ਨੇ ਸ਼ਾਇਦ ਇੱਕ ਦੂਜੇ ਦੇ ਸਹਿਯੋਗ ਲਈ ਬਣਾਏ ਸਨ ਪਰ ਉਹ ਰਿਵਾਜ ਬੜੀ ਤੇਜ਼ੀ ਨਾਲ ਕੁਰੀਤੀਆਂ ਦਾ ਰੂਪ ਧਾਰਨ ਕਰ ਰਹੇ ਹਨ। ਮੋਟੇ ਤੌਰ ਤੇ ਜੇ ਦੇਖੀਏ ਤਾਂ ਸ਼ਗਨ ਦੇਣ ਦਾ ਰਿਵਾਜ,ਦਾਜ ਦੇਣਾ,ਬੱਚਾ ਹੋਣ ਵੇਲੇ ਗਰਭਵਤੀ ਔਰਤ ਨੂੰ ਵਿਦਿਆ ਕਰਕੇ ਪੇਕੇ ਤੋਰਨਾ ਜਾਂ ਇਹੋ ਜਿਹੇ ਅਨੇਕਾਂ ਹੋਰ ਨਿੱਕੇ ਮੋਟੇ ਰੀਤੀ ਰਿਵਾਜ ਸਨ ਜਿਨ੍ਹਾਂ ਪਿੱਛੇ ਕੋਈ ਚੰਗਾ ਕਾਰਨ ਛੁਪਿਆ ਹੁੰਦਾ ਸੀ ਪਰ ਇਹਨਾਂ ਰਿਵਾਜ਼ਾਂ ਉੱਪਰ ਪੂਰੀ ਤਰ੍ਹਾਂ ਵਿਖਾਵਾ ਅਤੇ ਫਜ਼ੂਲ ਖਰਚੀ ਭਾਰੂ ਹੋ ਚੁੱਕੇ ਹਨ। ਸ਼ਗਨ ਜਾਂ ਦਾਜ ਦੇਣ ਦਾ ਮੁੱਖ ਕਾਰਨ ਇਹ ਹੁੰਦਾ ਸੀ ਕਿ ਇੱਕ ਤਾਂ ਵੱਡਿਆਂ ਵੱਲੋਂ ਪਿਆਰ ਦੇ ਰੂਪ ਆਸ਼ੀਰਵਾਦ ਮਿਲ ਜਾਂਦਾ ਸੀ ਤੇ ਦੂਜਾ ਇਹ ਧਨ ਰਾਸ਼ੀ ਜਾਂ ਹੋਰ ਨਿੱਕਾ ਮੋਟਾ ਸਮਾਨ ਬੱਚਿਆਂ ਨੂੰ ਦਿੱਤਾ ਜਾਂਦਾ ਸੀ ਉਸ ਵਿੱਚ ਲਾਲਚ ਨਾਲ਼ੋਂ ਵੱਧ ਪਿਆਰ ਅਤੇ ਚਾਅ ਛੁਪਿਆ ਹੁੰਦਾ ਸੀ। ਦਾਜ ਦੇਣ ਲਈ ਵੀ ਕੁੜੀ ਦੇ ਮਾਪਿਆਂ ਨੂੰ ਉਹਨਾਂ ਦੇ ਰਿਸ਼ਤੇਦਾਰ ਪੁੱਛ ਕੇ ਜਾਂ ਦੱਸ ਕੇ ਸਮਾਨ ਦਿੰਦੇ ਸਨ ਤਾਂ ਜੋ ਧੀ ਦੇ ਮਾਪਿਆਂ ਦੇ ਇਸ ਕਾਰਜ ਵਿੱਚ ਹੰਭਲਾ ਮਾਰੀਏ ਤਾਂ ਜੋ ਉਹਨਾਂ ਦਾ ਬੋਝ ਘਟ ਜਾਏ।ਪਰ ਅੱਜ ਇਹ ਸ਼ਗਨ ਜਾਂ ਦਾਜ ਦੇਣ ਦੀ ਸਭ ਤੋਂ ਮਾੜੀ ਸਮਾਜਿਕ ਕੁਰੀਤੀ ਬਣ ਗਈ ਹੈ। ਸ਼ਗਨ ਦੇਣ ਦਾ ਰਿਵਾਜ ਅੱਜ ਕੱਲ੍ਹ ਸਿਰਫ਼ ਨਿਵੇਸ਼ ਦਾ ਸਾਧਨ ਬਣ ਚੁੱਕਿਆ ਹੈ,ਜਿਸ ਨੂੰ ਦੇਣ ਜਾਂ ਲੈਣ ਵਾਲਿਆਂ ਵੱਲੋਂ ਬਕਾਇਦਾ ਆਪਣੇ ਘਰਾਂ ਵਿੱਚ ਡਾਇਰੀਆਂ ਤੇ ਲਿਖ ਕੇ ਰੱਖਿਆ ਜਾਂਦਾ ਹੈ ਤਾਂ ਜੋ ਫੇਰ ਉਹਨਾਂ ਦੇ ਮੌਕਾ ਆਉਣ ਤੇ ਉਹ ਵਾਪਸ ਆਉਂਦਾ ਹੈ ਜਾਂ ਨਹੀਂ ਚਾਹੇ ਆਰਥਿਕ ਪੱਖੋਂ ਬਹੁਤ ਅੰਤਰ ਹੋਏ,ਇਸ ਗੱਲ ਦਾ ਬਿਲਕੁਲ ਧਿਆਨ ਨਹੀਂ ਦਿੱਤਾ ਜਾਂਦਾ।ਇਸੇ ਤਰ੍ਹਾਂ ਦਾਜ ਦੀ ਕੁਰੀਤੀ ਤੋਂ ਤਾਂ ਆਪਣਾ ਸਮਾਜ ਭਲੀਭਾਂਤ ਜਾਣੂ ਹੈ ਪਰ ਫਿਰ ਵੀ ਸਿੱਧੇ ਜਾਂ ਅਸਿੱਧੇ ਤੌਰ ਤੇ ਵਿਆਹਾਂ ਵਿੱਚ ਲੈਣ ਦੇਣ ਨੂੰ ਲੈ ਕੇ ਸੌਦੇ ਕੀਤੇ ਜਾਂਦੇ ਹਨ ਜਿਸ ਦਾ ਖਾਮਿਆਜ਼ਾ ਉਹਨਾਂ ਦੀਆਂ ਔਲਾਦਾਂ ਨੂੰ ਹੀ ਭੁਗਤਣੇ ਪੈਂਦੇ ਹਨ। ਅੱਜ ਜਨਮ ਵੇਲੇ ਦੇ ਪ੍ਰੰਪਰਾਗਤ ਰਿਵਾਜ, ਜਨਮਦਿਨ ਮਨਾਉਣ ਦੇ ਪੱਛਮੀ ਸਭਿਆਚਾਰ ਅਧੀਨ ਮਨਾਏ ਜਾਣ ਵਾਲੇ ਰਿਵਾਜ, ਵਿਆਹਾਂ ਦੇ ਰਿਵਾਜ, ਇੱਥੋਂ ਤੱਕ ਕਿ ਮਰਨ ਵੇਲੇ ਆਖ਼ਰੀ ਰਸਮਾਂ ਵੇਲੇ ਦੇ ਰਿਵਾਜ ਵੀ ਕੁਰੀਤੀਆਂ ਬਣ ਚੁੱਕੇ ਹਨ ਜਿਸ ਵਿੱਚ ਨਿਰੀ ਫਜ਼ੂਲ ਖਰਚੇ ਅਤੇ ਵਿਖਾਵੇ ਦੀ ਨੁਮਾਇਸ਼ ਲਗਾਈ ਜਾਂਦੀ ਹੈ । ਜਿਹਨਾਂ ਨੇ ਜਿਊਂਦੇ ਜੀਅ ਆਪਣੇ ਬਜ਼ੁਰਗਾਂ ਨੂੰ ਰੋਟੀ ਪਾਣੀ ਤੋਂ ਵੀ ਤਰਸਾ ਤਰਸਾ ਕੇ ਮਰਨ ਲਈ ਛੱਡ ਦਿੱਤਾ ਹੋਵੇ ਉਹ ਲੋਕ ਵੀ ਸਮਾਜ ਵਿੱਚ ਆਪਣੀ ਇੱਜ਼ਤ ਵਧਾਉਣ ਲਈ ਉਹੀ ਬਜ਼ੁਰਗਾਂ ਦੇ ਮਰਨੇ ਤੇ ਛੱਤੀ ਪ੍ਰਕਾਰ ਦੇ ਖਾਣੇ ਲਗਾ ਕੇ ਬੜੀ ਲਾਇਕ ਔਲਾਦ ਹੋਣ ਦਾ ਸਬੂਤ ਦਿੰਦੇ ਹਨ। ਇਸ ਤਰ੍ਹਾਂ ਸਾਡੇ ਸਮਾਜ ਵਿੱਚ ਰੀਤੀ ਰਿਵਾਜਾਂ ਦੇ ਨਾਂ ਤੇ ਨਿਰਾ ਵਿਖਾਵਾ ਕੀਤਾ ਜਾਂਦਾ ਹੈ,ਨਿਰੀ ਨੁਮਾਇਸ਼ ਲਗਾਈ ਜਾਂਦੀ ਹੈ, ਆਪਣੇ ਆਪ ਵੱਲੋਂ ਧਨਾਢ ਹੋਣ ਦਾ ਪੂਰਾ ਜ਼ੋਰ ਲਗਾ ਦਿੱਤਾ ਜਾਂਦਾ ਹੈ ਚਾਹੇ ਵੀਹ ਵੀਹ ਲੱਖ ਰੁਪਏ ਕਰਜ਼ਾ ਕਿਉਂ ਨਾ ਚੁੱਕਿਆ ਜਾਏ। ਜਿਹੜੇ ਸ਼ਗਨ ਮੂੰਹ ਨੂੰ ਗੁੜ ਦੀ ਰੋੜੀ ਲਾ ਕੇ ਨਿਭਾ ਲਏ ਜਾਂਦੇ ਸਨ ਉਹ ਗੀਰਿਆਂ ਦੀਆਂ ਮੁੰਦਰੀਆਂ ਵਟਾ ਕੇ ਨਿਭਾਏ ਜਾਣ ਲੱਗ ਪੈਣ ਤਾਂ ਸਮਾਜ ਵਿੱਚ ਵਧ ਰਹੀਆਂ ਕੁਰੀਤੀਆਂ ਨੂੰ ਕੋਈ ਨਹੀਂ ਰੋਕ ਸਕਦਾ। ਇਸ ਸਭ ਲਈ ਕੋਈ ਇੱਕ ਧਿਰ ਜ਼ਿੰਮੇਵਾਰ ਨਹੀਂ ਹੁੰਦੀ ਸਗੋਂ ਦੋਵੇਂ ਧਿਰਾਂ ਬਰਾਬਰ ਦੀਆਂ ਜ਼ਿੰਮੇਵਾਰ ਹੁੰਦੀਆਂ ਹਨ।

# ਭਾਰਤ ਦਾ ਮਾਨਚੈਸਟਰ ਅਹਿਮਦਾਬਾਦ



ਗੁਰਪ੍ਰੀਤ ਪਸ਼ੌਰੀਆ
81462-11644

ਗੁਜਰਾਤ ਦਾ ਦਿਲ ਕਿਹਾ ਜਾਣ ਵਾਲਾ ਅਹਿਮਦਾਬਾਦ ਸ਼ਹਿਰ ਗੁਜਰਾਤ ਦਾ ਸਭ ਤੋਂ ਵੱਡਾ ਸ਼ਹਿਰ ਹੈ। ਅਪਣੇ ਵੱਡੇ ਉਦਯੋਗਾਂ ਕਾਰਨ *ਭਾਰਤ ਦੇ ਮਾਨਚੈਸਟਰ* ਵਜੋਂ ਪ੍ਰਸਿੱਧ ਇਹ ਸ਼ਹਿਰ ਗੁਜਰਾਤ ਦੀ ਆਰਥਿਕ ਰਾਜਧਾਨੀ ਵਜੋਂ ਪ੍ਰਸਿੱਧ ਹੈ। ਸਾਬਰਮਤੀ ਨਦੀ ਦੇ ਕਿਨਾਰੇ ਵਸਿਆ ਲਗਭਗ 51 ਲੱਖ ਦੀ ਅਬਾਦੀ ਵਾਲਾ ਅਹਿਮਦਾਬਾਦ 1976 ਈ: ਵਿੱਚ ਗਾਂਧੀਨਗਰ ਦੇ ਰਾਜਧਾਨੀ ਬਨਣ ਤੋਂ ਪਹਿਲਾਂ ਗੁਜਰਾਤ ਦੀ ਰਾਜਧਾਨੀ ਹੁੰਦਾ ਸੀ। ਇਤਿਹਾਸ ਦੀ ਜੇ ਗੱਲ ਕਰੀਏ ਤਾਂ ਇੱਥੇ ਅਬਾਦੀ ਪੁਰਾਣੇ ਸਮਿਆਂ ਤੋਂ ਵਸਦੀ ਸੀ ਪਰ ਮੌਜੂਦਾ ਸ਼ਹਿਰ ਦੀ ਸਥਾਪਨਾ 1411 ਈ: ਵਿੱਚ ਸੁਲਤਨ ਅਹਿਮਦ ਸ਼ਾਹ ਨੇ ਕੀਤੀ ।

ਇਸ ਵਾਰ ਗੁਜਰਾਤ ਯਾਤਰਾ ਦੌਰਾਨ ਅਹਿਮਦਾਬਾਦ ਨੂੰ ਦੇਖਣ ਦਾ ਸਬੱਬ ਬਣਿਆ। ਯੂਨੈਸਕੋ ਵੱਲੋਂ ਅਹਿਮਦਾਬਾਦ ਨੂੰ ਭਾਰਤ ਦਾ ਪਹਿਲਾ ਅਤੇ ਏਸੀਆ ਦਾ ਤੀਜਾ ਵਿਸ਼ਵਵਿਰਾਸਤ ਸ਼ਹਿਰ ਘੋਸ਼ਿਤ ਕੀਤਾ ਗਿਆ ਹੈ। ਅਹਿਮਦਾਬਾਦ ਵਿੱਚ ਦੇਖਣ ਵਾਲੀਆਂ ਬਹੁਤ ਸਾਰੀਆਂ ਥਾਵਾਂ ਹਨ ।ਧਾਰਮਿਕ, ਇਤਿਹਾਸਕ, ਸੱਭਿਆਚਾਰਕ, ਵਪਾਰਕ, ਕੁਦਰਤੀ ਖੂਬਸੂਰਤੀ ਅਤੇ ਵੰਨ ਸੁਵੰਨਤਾ ਵਾਲੀਆਂ ਥਾਵਾਂ ਕਾਰਨ ਅਹਿਮਦਾਬਾਦ ਹਰ ਤਰਾਂ ਦੇ ਸੈਲਾਨੀਆਂ ਵਿੱਚ ਕਾਫੀ ਪ੍ਰਸਿੱਧ ਹੈ। ਰਾਣੀ ਕੀ ਬਾਵ ਅਤੇ ਮੁਢੇਰਾ ਦਾ ਸੂਰਜ ਮੰਦਰ ਦੇਖਣ ਤੋਂ ਬਾਅਦ ਅਸੀਂ ਅਹਿਮਦਾਬਾਦ ਦੇਖਦੇ ਹਾਂ।

ਅਹਿਮਦਾਬਾਦ ਵੱਡਾ ਸ਼ਹਿਰ ਹੈ ਤੁਸੀਂ ਇਸ ਨੂੰ ਆਪਣੀ ਸੁਵਿਧਾ ਅਤੇ ਸਮੇਂ ਮੁਤਾਬਕ ਪਬਲਿਕ ਟਰਾਂਸਪੋਰਟ ਜਾਂ ਟੈਕਸੀ ਕਾਰ ਰਾਹੀਂ ਘੁੰਮ ਸਕਦੇ ਹੋ ਪਰ ਸਭ ਤੋਂ ਸਸਤਾ ਅਤੇ ਸੁਵਿਧਾਜਨਕ ਤਰੀਕਾ ਗੁਜਰਾਤ ਟੂਰਿਜਮ ਦੀ ਸਿਟੀ ਟੂਰ ਬੱਸ ਰਾਹੀਂ ਘੁੰਮਣਾ ਹੈ। ਡਬਲਡੈਕਰ ਬੱਸ ਦੇਖੋ ਅਹਿਮਦਾਬਾਦ (ਜੋ ਉੱਪਰੋਂ ਖੁੱਲੀ ਹੈ) ਦਿਨ ਵਿੱਚ ਦੋ ਵਾਰ (ਸਵੇਰੇ 08 ਤੋਂ 1 ਅਤੇ ਸ਼ਾਮ 1:30 ਤੋਂ 9:30 ) ਸਾਬਰਮਤੀ ਆਸ਼ਰਮ ਦੇ ਸਾਹਮਣੇ ਬਣੇ ਹੋਟਲ ਤੋਰਨ ਤੋਂ ਚਲਦੀ ਹੈ ਜੋ ਪੰਜ ਸੌ ਰੁਪਏ ਪ੍ਰਤੀ ਸਵਾਰੀ ਕਿਰਾਏ ਨਾਲ਼ ਅਹਿਮਦਾਬਾਦ ਦੇ ਸਾਰੇ ਮਹੱਤਵਪੂਰਣ ਥਾਂ ਅਪਣੇ ਤਜੁਰਬੇਕਾਰ ਗਾਇਡ ਨਾਲ਼ ਘੁੰਮਾ ਦਿੰਦੀ ਹੈ। ਪੈਦਲ ਤੁਰਨ ਦੇ ਸ਼ੌਕੀਨਾਂ ਲਈ ਗੁਜਰਾਤ ਟੂਰਿਜਮ ਵੱਲੋਂ ਵਿਰਾਸਤੀ ਸੈਰ ( ) ਦਾ ਪ੍ਰਬੰਧ ਹੈ 200 ਰੁਪਏ ਵਿੱਚ 7:45 ਤੋਂ 10:30 ਤੱਕ ਗਾਇਡ ਤੁਹਾਨੂੰ ਜਾਣਕਾਰੀ ਦਿੰਦੇ ਹੋਏ ਸੈਰ-ਸੈਰ ਵਿੱਚ 20-22 ਵਿਰਾਸਤੀ ਥਾਵਾਂ ਘੁੰਮਾ ਦਿੰਦਾ ਹੈ। ਸਾਡੀ ਵਿਉਂਤਬੰਦੀ ਸਮਾਂ ਦੀ ਮੰਗ ਅਨੁਸਾਰ ਹੋਰ ਤਰ੍ਹਾਂ ਦੀ ਹੋਣ ਕਾਰਨ ਅਸੀਂ ਕਾਰ ਰਾਹੀਂ ਘੁੰਮੇ।

ਅਹਿਮਦਾਬਾਦ ਵਿੱਚ ਵੇਖਣ ਯੋਗ ਏਨੀਆਂ ਥਾਵਾਂ ਹਨ ਕਿ ਜਿਸ ਨੂੰ ਇਕ ਦਿਨ ਵਿਚ ਨਹੀਂ ਦੇਖਿਆ ਜਾ ਸਕਦਾ। ਸਾਬਰਮਤੀ ਆਸ਼ਰਮ ,ਕਾਂਕਰੀਆ ਝੀਲ, ਤੀਨ ਦਰਵਾਜ਼ਾ, ਜਾਮਾ ਮਸਜਿਦ , ਸਰਖੇਜ ਰੋਜਾ, ਰਾਣੀ ਕਾ ਹਜ਼ੀਰਾ ,ਸਿੱਧੀ ਸਈਅਦ ਜਾਲ਼ੀ, ਹਠੀਸਿੰਗ ਜੈਨ ਮੰਦਰ, ਝੂਲਦੇ ਮਨਾਰ, ਅਡਾਲਜ ਦੀ ਬਾਵ , ਭਾਦਰਾ ਦਾ ਕਿਲ੍ਹਾ, ਸਾਇੰਸ ਸਿਟੀ ,ਰਿਵਰ ਫਰੰਟ, ਮਾਣਕ ਚੌਕ ਆਦਿ ਪ੍ਰਸਿੱਧ ਥਾਵਾਂ ਹਨ ਪਰ ਸੀਮਤ ਸਮਾਂ ਹੋਣ ਕਾਰਨ ਅਸੀਂ ਕੁਝ ਚੌਣਵੀਆਂ ਥਾਵਾਂ ਵੇਖਦੇ ਹਾਂ।

ਸਭ ਤੋਂ ਪਹਿਲਾਂ ਅਸੀਂ ਸਾਬਰਮਤੀ ਆਸ਼ਰਮ ਵੇਖਣ ਜਾਂਦੇ ਹਾਂ । ਸਾਬਰਮਤੀ ਨਦੀ ਕਿਨਾਰੇ ਬਣਿਆ ਸਾਬਰਮਤੀ ਜਾਂ ਗਾਂਧੀ ਆਸ਼ਰਮ ਬਹੁਤ ਵੱਡੇ ਖੇਤਰ ਵਿੱਚ ਬਣਿਆ ਹੈ ਜਿਸਦਾ ਨਿਰਮਾਣ ਮਹਾਤਮਾ ਗਾਂਧੀ ਨੇ 1915 ਈ: ਵਿੱਚ ਕੀਤਾ ਸੀ। 1933 ਈਸਵੀ ਤੱਕ ਮਹਾਤਮਾ ਗਾਂਧੀ ਇੱਥੇ ਰਹੇ ।ਇੱਥੋਂ ਹੀ ਉਨ੍ਹਾਂ ਨੇ ਡਾਂਡੀ ਯਾਤਰਾ ਦੀ ਸੁਰੂਆਤ ਕੀਤੀ ਸੀ ਅੱਜਕੱਲ੍ਹ ਆਸ਼ਰਮ ਚ ਲਾਇਬਰੇਰੀ, ਅਜਾਇਬਘਰ, ਕਿਤਾਬ ਘਰ ,ਖਾਦੀ ਵਸਤਾਂ ਦੀ ਦੁਕਾਨ ਅਤੇ ਮਹਾਤਮਾ ਗਾਂਧੀ ਦੀ ਜ਼ਿੰਦਗੀ ਨਾਲ ਸਬੰਧਤ ਦਸਤਾਵੇਜ਼ ਅਤੇ ਚੀਜਾਂ ਸੰਭਾਲ ਕੇ ਰੱਖੇ ਗਏ ਹਨ।

ਇਸ ਤੋਂ ਬਾਅਦ ਅਸੀਂ ਅਹਿਮਦਾਬਾਦ ਸ਼ਹਿਰ ਤੋਂ ਬਾਹਰ ਬਣੀ ਪ੍ਰਮੁੱਖ ਇਤਿਹਾਸਕ ਇਮਾਰਤ *ਅੜਾਲਜ ਦੀ ਬਾਵ* ਦੇਖਣ ਜਾਂਦੇ ਹਾਂ ।ਭਾਰਤੀ ਪੁਰਾਤੱਤਵ ਸਰਵੇਖਣ ਦੀ ਦੇਖ ਰੇਖ ਅਧੀਨ ਇਸ ਸਮਾਰੋਹ ਵਿਚ ਜਾਣ ਲਈ ਤਿੰਨ ਪਾਸਿਓਂ ਰਾਹ ਹਨ ।ਬਘੇਲਾ ਸਾਮਰਾਜ ਦੇ ਰਾਜੇ ਬੀਰ ਸਿੰਘ ਦੀ ਪਤਨੀ ਰੁਦਾਬਾਈ ਦੁਆਰਾ ਆਪਣੇ ਪਤੀ ਦੀ ਯਾਦ ਵਿੱਚ ਬਣਾਇਆ ਇਹ ਇੱਕ ਪੌੜੀਦਾਰ ਖੂਹ ਹੈ ਜਿਸ ਦੀ ਵਾਸਤੂਕਲਾ ਕਮਾਲ ਦੀ ਹੈ। ਧਰਤੀ ਦੀ ਸਤਹਿ ਤੋਂ ਹੇਠਾਂ ਪਾਣੀ ਦੇ ਤਲ ਤਕ ਜਾਣ ਲਈ ਪੰਜ ਮੰਜਲਿਾਂ ਬਣੀਆਂ ਹਨ ਜਿਨ੍ਹਾਂ ਵਿਚੋਂ ਪੌੜੀਆਂ ਹੇਠਾਂ ਵੱਲ ਉਤਰਦੀਆਂ ਹਨ । ਪਹਿਲੀ ਮੰਜਲਿ ਤੇ 16 ਖੰਭਿਆਂ ਵਾਲਾ ਮੰਚ ਬਣਿਆ ਹੈ ਜਿਸ ਦੀ ਛੱਤ ਅਸ਼ਟਭੁਜਾਕਾਰ ਹੈ। ਬਾਵ ਦੇ ਦੋਵੇਂ ਪਾਸੇ ਬਣੇ ਥਮ੍ਹਲਿਆਂ ਉੱਪਰ ਸ਼ਾਨਦਾਰ ਨੱਕਾਸ਼ੀ ਕੀਤੀ ਗਈ ਅਤੇ ਇਤਿਹਾਸ ਮਿਥਿਹਾਸ ਦੀਆਂ ਕਈ ਸ਼ਾਨਦਾਰ ਮੂਰਤਾਂ ਬਣਾਈਆਂ ਹਨ। ਅਨੋਖੀ ਵਾਸਤੂ ਸਰੰਚਨਾ ਕਾਰਨ ਬਾਵ ਵਿਚ ਸੂਰਜ ਦੀ ਰੋਸ਼ਨੀ ਅਤੇ ਗਰਮ ਹਵਾ ਬਹੁਤ ਘੱਟ ਪ੍ਰਭਾਵ ਕਰਦੀ ਹੈ ਜਿਸ ਨਾਲ ਅੰਦਰ ਦਾ ਤਾਪਮਾਨ ਬਾਹਰ ਦੇ ਮੁਕਾਬਲੇ ਘੱਟ ਰਹਿੰਦਾ ਹੈ । ਬਾਵ ਵਿੱਚ ਪਾਣੀ ਅੱਜ ਵੀ ਮੌਜੂਦ ਹੈ ਪਰ ਉਹ ਕਾਫੀ ਗੰਦਾ ਤੇ ਦੂਸ਼ਿਤ ਲੱਗਦਾ ਹੈ । ਇਸ ਵਿੱਚ ਕੀਤੀ ਗਈ ਨਕਾਸ਼ੀ ਦੇਖਣਯੋਗ ਹੈ।

ਸ਼ਾਮ ਸਮੇਂ ਸਾਬਰਮਤੀ ਨਦੀ ਦੇ ਕਿਨਾਰੇ ਤੇ ਖੜ੍ਹ ਕੇ ਦੇਖਦਿਆਂ ਅਹਿਮਦਾਬਾਦ ਬਹੁਤ ਖੂਬਸੂਰਤ ਲਗਦਾ ਹੈ। ਨਦੀ ਸ਼ਹਿਰ ਦੇ ਬਿਲਕੁਲ ਵਿਚਕਾਰ ਦੀ ਲੰਘਦੀ ਹੈ ਜਿਸ ਉਪਰ ਸ਼ਹਿਰ ਦੇ ਦੋਵੇਂ ਪਾਸਿਆਂ ਨੂੰ ਜੋੜਦੇ ਦਸ ਪੁਲ਼ ਬਣੇ ਹਨ ਜਿਨ੍ਹਾਂ ਚੋਂ ਲੋਹੇ ਦਾ ਬਣਿਆ ਅੰਗਰੇਜ਼ਾਂ ਵੇਲੇ ਦਾ ਪੁਲ ਅੱਜ ਵੀ ਦੇਖਣਯੋਗ ਹੈ । ਇਹ ਸ਼ਹਿਰ ਬਿਲਕੁਲ ਉਸੇ ਤਰ੍ਹਾਂ ਬਣਿਆ ਹੈ ਜਿਸ ਤਰ੍ਹਾਂ ਥੇਮਜ ਨਦੀ ਦੇ ਕਿਨਾਰੇ ਲੰਡਨ ਸ਼ਹਿਰ ਵਸਿਆ ਹੈ ।

ਸ਼ਾਮ ਸਮੇਂ *ਕਾਂਕਰੀਆ ਝੀਲ* ਦੀ ਰੌਣਕ ਦੇਖਣਯੋਗ ਹੁੰਦੀ ਹੈ ।ਅਹਿਮਦਾਬਾਦ ਦੇ ਬਿਲਕੁਲ ਵਿਚਕਾਰ ਬਣੀ ਇਹ ਝੀਲ ਬਹੁਤ ਖ਼ੂਬਸੂਰਤ ਹੈ। ਸ਼ਾਮ ਸਮੇਂ ਰੰਗ- ਬਿਰੰਗੀਆਂ ਰੌਸ਼ਨੀਆਂ ਵਿੱਚ ਝੀਲ ਵਿੱਚ ਤੈਰਦੀਆਂ ਕਿਸਤੀਆਂ ਤੇ ਸ਼ਿਕਾਰੇ ਇਸ ਦੀ ਰੌਣਕ ਨੂੰ ਚਾਰ ਚੰਦ ਲਾਉਂਦੇ ਹਨ । ਕਾਂਕਰੀਆ ਝੀਲ ਗੋਲ ਬਨਾਵਟ ਵਿਚ ਬਣੀ ਹੈ ਜਿਸ ਦੇ ਚੁਫੇਰੇ ਬੱਚਿਆਂ ਲਈ ਟੁਆਏ ਟਰੇਨ ਚੱਲਦੀ ਹੈ। ਝੀਲ ਦੇ ਵਿਚਕਾਰ ਟਾਪੂ ਬਣਿਆ ਹੈ ਜਿਸ ਨੂੰ ਨਗੀਨਾ ਵਾੜੀ ਆਖਦੇ ਹਨ ।ਇੱਥੇ ਛੋਟਾ ਜਿਹਾ ਚਿੜੀਆਘਰ ਬਣਾਇਆ ਗਿਆ ਹੈ। *ਦਿਲਚਸਪ ਗੱਲ ਇਹ ਹੈ ਕਿ ਭਾਰਤੀ ਸਟੇਟ ਬੈਂਕ ਦਾ ਲੋਗੋ ਇਸ ਝੀਲ ਦੇ ਹਵਾਈ ਚਿੱਤਰ ਅਨੁਸਾਰ ਬਣਦੇ ਨਕਸ਼ੇ ਤੋਂ ਹੀ ਲਿਆ ਹੈ* ।

ਝੀਲ ਤੋਂ ਵਾਪਸ ਆਉਂਦਿਆਂ ਰਾਤ ਹੋ ਜਾਂਦੀ ਹੈ ਰਾਤ ਸਮੇਂ ਅਹਿਮਦਾਬਾਦ ਵਿੱਚ ਵੱਖ ਵੱਖ ਗੁਜਰਾਤੀ ਖਾਣਿਆਂ ਦਾ ਆਨੰਦ ਲੈਣ ਲਈ ਸਭ ਤੋਂ ਮਸ਼ਹੂਰ ਥਾਂ ਮਾਣਕ ਚੌਕ ਹੈ । ਮਾਣਕ ਚੌਂਕ ਸ਼ਹਿਰ ਦੇ ਪੁਰਾਣੇ ਅਹਿਮਦਾਬਾਦ ਸ਼ਹਿਰ ਦੇ ਬਿਲਕੁਲ ਵਿਚਕਾਰ ਹੈ ਇਸ ਲਈ ਇਹ ਬਹੁਤ ਭੀੜ ਭਾੜ ਵਾਲੀ ਜਗ੍ਹਾ ਹੈ। ਗੱਡੀ ਦੂਰ ਪਾਰ ਕਰਕੇ ਪੈਦਲ ਹੀ ਇੱਥੇ ਪਹੁੰਚਦੇ ਹਾਂ। ਮਾਣਕ ਚੌਂਕ ਦਾ ਨਜ਼ਾਰਾ ਦੇਖਣਯੋਗ ਹੈ ਆਲੇ ਦੁਆਲੇ ਖਾਣ ਵਾਲੀਆਂ ਰੇਹੜੀਆਂ ਦੁਕਾਨਾਂ ਤੇ ਲੋਕਾਂ ਦੀ ਭੀੜ ਹੈ ਤਰ੍ਹਾਂ ਤਰ੍ਹਾਂ ਦੇ ਪਕਵਾਨ ਬਣਾਏ ਜਾ ਰਹੇ ਹਨ । ਗੁਜਰਾਤੀ ਖਾਣੇ, ਗਾਟੀਆ, ਖਾਮਣ, ਢੋਕਲਾ, ਫਾਫੜਾ, ਜਲੇਬੀਆਂ, ਬਾਸੂੰਦੀ, ਖਾਖਰਾ, ਪਾਉ ਭਾਜੀ ਗੱਲ ਕਿ ਤਰ੍ਹਾਂ ਤਰ੍ਹਾਂ ਦੀਆਂ ਮਿਠਾਈਆਂ ਅਤੇ ਹੋਰ ਸਟਰੀਟ ਫੂਡ ਲਈ ਪ੍ਰਸਿੱਧ ਮਾਣਕ ਚੌਂਕ ਦੇ ਆਪਣੇ ਹੀ ਅਨੋਖੇ ਰੰਗ ਹਨ। ਸਵੇਰ ਵੇਲੇ ਇੱਥੇ ਸਬਜ਼ੀ ਮੰਡੀ, ਦੁਪਹਿਰ ਵੇਲੇ ਇੱਥੇ ਸਰਾਫਾ ਬਾਜਾਰ ਅਤੇ ਰਾਤ ਸਮੇਂ ਖਾਣੇ ਦਾ ਬਾਜਾਰ ਲਗਦਾ ਹੈ। ਇੱਕੋ ਥਾਂ ਦਿਨ ਵਿੱਚ ਤਿੰਨ ਰੰਗ ਬਦਲਦੀ ਹੈ ।

ਮਾਣਕ ਚੌਂਕ ਚੋਂ ਵੰਨ ਸੁਵੰਨੇ ਖਾਣੇ ਖਾ ਕੇ ਅਸੀਂ ਆਪਣੇ ਕਮਰੇ ਵਿੱਚ ਆ ਕੇ ਆਰਾਮ ਕਰਦੇ ਹਾਂ ਤੇ ਅਗਲੀ ਸਵੇਰ ਨਵੇਂ ਸਫਰ ਲਈ ਰਵਾਨਾ ਹੋ ਜਾਂਦੇ ਹਾਂ। ਪ੍ਰਾਚੀਨਤਾ ਤੇ ਆਧੁਨਿਕਤਾ ਦੇ ਸੁਮੇਲ ਵਿੱਚ ਰੰਗਿਆ ਅਹਿਮਦਾਬਾਦ ਵੇਖਣ ਵਾਲੇ ਦੇ ਮਨ ਨੂੰ ਮੋਹ ਲੈਂਦਾ ਹੈ ।





# ਚਰਚਾ ਦਾ ਵਿਸ਼ਾ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ....

## ਸਾਡੇ ਕੌਮੀ ਆਗੂਆਂ ਨੂੰ ਸੋਚਣ ਦੀ ਲੋੜ



ਸ਼ਿੰਦਰ ਸਿੰਘ ਮੀਰਪੁਰੀ
5592850841

- ਪਿਛਲੇ ਲੰਬੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਹੁਤ ਸਾਰੇ ਮਾਮਲਿਆਂ ਦੇ ਵਿੱਚ ਘਿਰ ਕੇ ਚਰਚਾ ਦਾ ਵਿਸ਼ਾ ਬਣ ਰਹੀ ਹੈ ।ਜੇਕਰ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਿਛਲੇ ਇਤਿਹਾਸ ਤੇ ਝਾਤ ਮਾਰੀਏ ਤਾਂ ਇਸ ਦਾ ਨਿਰਮਾਣ ਬਹੁਤ ਸਾਰੀਆਂ ਕੁਰਬਾਨੀਆਂ ਅਤੇ ਸੰਘਰਸ਼ਾਂ ਦੇ ਵਿੱਚੋਂ ਲੰਘ ਕੇ ਹੋਇਆ ਹੈ ਸਾਡੇ ਪੁਰਾਤਨ ਟਕਸਾਲੀ ਅਕਾਲੀ ਆਗੂਆਂ ਨੇ ਆਪਣੇ ਘਰ ਘਾਟ ਤਬਾਹ ਕਰਵਾ ਕੇ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਨਿਰਮਾਣ ਕੀਤਾ ਸੀ ਕਰੀਬ 105 ਬਾਰੇ ਪਹਿਲਾਂ ਇਸ ਪਾਰਟੀ ਦਾ ਹੋਂਦ ਵਿੱਚ ਆਉਣਾ ਪੂਰੇ ਪੰਜਾਬ ਅਤੇ ਸਿੱਖ ਭਾਈਚਾਰੇ ਲਈ ਵੱਡੀ ਗੱਲ ਸੀ ਕਿਉਂਕਿ ਖੇਤਰੀ ਪਾਰਟੀ ਆਪਣੇ ਸੂਬੇ ਦੇ ਹਿੱਤਾਂ ਖਾਤਰ ਅੱਗੇ ਹੋ ਕੇ ਲੜਾਈ ਲੜਦੀ ਹੈ ਅਤੇ ਖਾਸ ਕਰ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਵੀ ਕੁਰਬਾਨੀਆਂ ਨਾਲ ਭਰਪੂਰ ਹੈ ।

ਬਿਨਾ ਸੱਕ ਜੇ ਇਸ ਦੇ ਪੁਰਾਤਨ ਟਕਸਾਲੀ ਜਥੇਦਾਰਾਂ ਤੋਂ ਇਲਾਵਾ ਸੀਨੀਅਰ ਆਗੂਆਂ ਦੀ ਗੱਲ ਕਰਨੀ ਹੋਵੇ ਤਾਂ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਜਥੇਦਾਰ ਮੋਹਣ ਸਿੰਘ ਤੁੜ, ਜਥੇਦਾਰ ਦਲੀਪ ਸਿੰਘ ਤਲਵੰਡੀ, ਜਥੇਦਾਰ ਲਛਮਣ ਸਿੰਘ ਵਰਗੇ ਆਗੂ ਕੌਮ ਦੀ ਅਗਵਾਈ ਕਰਦੇ ਸਨ ਉਸ ਤੋਂ ਪਹਿਲਾਂ ਸੰਤ ਫਤਿਹ ਸਿੰਘ, ਤਾਰਾ ਸਿੰਘ ਆਦਿ ਆਗੂਆਂ ਨੇ ਕੌਮ ਦੀ ਅਗਵਾਈ ਕੀਤੀ ਭਾਵੇਂ ਇਹਨਾਂ ਵਿੱਚੋਂ ਕਈ ਆਗੂਆਂ ਦਾ ਅਕਸ ਵੀ ਵਿਵਾਦਾਂ ਵਿੱਚ ਘਿਰਿਆ ਰਿਹਾ ।ਸ਼੍ਰੋਮਣੀ ਕਮੇਟੀ ਨੇ ਲੰਬਾ ਸਮਾਂ ਪੰਥ ਨੂੰ ਅਗਵਾਈ ਦਿੱਤੀ ਅਤੇ ਪੰਥ ਦੇ ਬਹੁਤ ਸਾਰੇ ਤਮਾਮ ਮਸਲੇ ਹੱਲ ਵੀ ਕਰਵਾਏ ਵਿਦੇਸ਼ਾਂ ਅੰਦਰ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੜਤ ਰਹੀ ਅਤੇ ਬਾਕੀ ਸੂਬਿਆਂ ਅੰਦਰ ਵੀ ਬਹੁਤ ਸਾਰਾ ਬੋਲ ਵਾਲਾ ਰਿਹਾ ।ਇਹ ਪੁਰਾਤਨ ਗੱਲਾਂ ਸਨ ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਬਾਕੀ ਕਈ ਆਗੂਆਂ ਦੇ ਕਾਰਜ ਕਾਲ ਸਮੇਂ ਸ਼੍ਰੋਮਣੀ ਕਮੇਟੀ ਦੀ ਬਾਕੀ ਸੂਬਿਆਂ ਅੰਦਰ ਤੂਤੀ ਬੋਲਦੀ ਸੀ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਦਿੱਲੀ ਕਿਸੇ ਸਿੱਖ ਆਗੂ ਨੂੰ ਮਿਲਣ ਜਾਂਦਾ ਸੀ ਤਾਂ ਉਹ ਉੱਠ ਕੇ ਮਿਲਦੇ ਸਨ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਕੋਈ ਵੀ ਗੱਲ ਮੁੜਦੀ ਨਹੀਂ ਸੀ ਉਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦਾ ਵੀ ਬਹੁਤ ਸਤਿਕਾਰ ਦਿੱਲੀ ਦੇ ਲੀਡਰ ਕਰਦੇ ਸਨ । ਪਰ ਹੁਣ ਇਹ ਗੱਲਾਂ ਇੰਜ ਲੱਗਦੀਆਂ ਨੇ ਜਿਵੇਂ ਬੀਤੇ ਵਰ੍ਹੇ ਦੀਆਂ ਕਹਾਣੀਆਂ ਹੋਣ ਜਥੇਦਾਰ ਟੌਹੜਾ ਦੇ ਜਾਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਵਿਵਾਦਾਂ ਵਿੱਚ ਘਿਰ ਗਈ ਉੱਥੇ ਘਪਲੇ ਸਾਹਮਣੇ ਆਏਆ ਤੇ ਬਹੁਤ ਨੁਕਸਾਨ ਹੋਇਆ ।

ਹੁਣ ਪਿਛਲੇ ਸਮੇਂ ਤੋਂ ਤਾਂ ਇੰਜ ਜਾਪਦਾ ਹੈ ਜਿਵੇਂ ਸ਼੍ਰੋਮਣੀ ਕਮੇਟੀ ਤੇ ਕੋਈ ਕਰੋਪੀ ਆਈ ਹੋਵੇ ।ਕੁਝ ਸਮਾਂ ਪਹਿਲਾਂ ਸੁੱਚੇ ਲੰਗਾਹ ਦੀ ਵੀਡੀਓ ਨੇ ਘਸਮਾਨ ਪਾਕੇ ਰੱਖ ਦਿੱਤਾ ਤੇ ਵਿਸਵ ਪੱਧਰ ਤੇ ਸਿੱਖਾਂ ਦੀ ਬਦਨਾਮੀ ਹੋਈ ।ਉਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਬਾਦਲ ’ਤੇ ਬਰਗਾੜੀ ਅਤੇ ਬਹਿਬਲ ਕਲਾਂ ਵਿਖੇ ਗੋਲੀ ਕਾਂਡ ਕਰਵਾਉਣ ਦਾ ਲੱਗਿਆ ਦਾਗ ਪਾਰਟੀ ਦੀ ਬਦਨਾਮੀ ਕਰਵਾ ਗਿਆ ਅਤੇ ਹੋਰਨਾਂ ਸੂਬਿਆਂ ਅੰਦਰ ਵੀ ਵੱਡੇ ਪੱਧਰ ਤੇ ਨੁਕਸਾਨ ਹੁੰਦਾ ਗਿਆ ।ਇਹਨਾਂ ਘਟਨਾਵਾਂ ਵੇਲੇ ਪੰਜਾਬ ਦੇ ਅੰਦਰ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਸੀ ਤੇ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਅਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ ਅਕਾਲੀ ਭਾਜਪਾ ਨਾਲ ਗੱਠਜੋੜ ਹੋਣ ਦੇ ਚਲਦਿਆਂ ਇਹ ਸਭ ਕੁਝ ਵਾਪਰਿਆ ਸੀ ।

? ਉਸ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਤਾਜਪੋਸ਼ੀ ਸਮੇਂ ਜੋ ਕੁਝ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਵਾਪਰਿਆ ਉਸ ਨੇ ਵੀ ਸਿੱਖੀ ਦਾ ਸਿਰ ਨੀਵਾਂ ਕੀਤਾ ।ਰਾਤ ਨੂੰ ਕੁਲਦੀਪ ਸਿੰਘ ਗੜਗੱਜ ਨੂੰ ਜਥੇਦਾਰੀ ਸੰਭਾਲ ਦਿੱਤੀ ਗਈ ।ਬਾਕੀ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਦੀ ਗੱਲ ਕਰੀਏ ਤਾਂ ਉੱਥੇ ਘਿਓ ਨੂੰ ਲੈ ਕੇ, ਛਕੀਆਂ ਰੋਟੀਆਂ ਨੂੰ ਲੈ ਕੇ, ਕਮਰਿਆਂ ਨੂੰ ਲੈ ਕੇ, ਬੱਚਿਆਂ ਨੂੰ ਲੈ ਕੇ, ਬੀਬੀਆਂ ਨਾਲ ਜੋ ਕੁਝ ਹੋ ਰਿਹਾ ਹੈ ।ਇਨ੍ਹਾਂ ਘਟਨਾਵਾਂ ਨੇ ਸ਼੍ਰੋਮਣੀ ਕਮੇਟੀ ਦੇ ਅਕਸ ਉੱਤੇ ਸਵਾਲ ਖੜੇ ਕੀਤੇ ਹਨ ।ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਸ਼੍ਰੋਮਣੀ ਕਮੇਟੀ ਵੱਲੋਂ ਕਾਲਜ ਵਿੱਦਿਆਕ ਸੰਸਥਾਵਾਂ ਵੀ ਚਲਾਈਆਂ ਜਾ ਰਹੀਆਂ ਹਨ ਜੋ ਵਧੀਆ ਗੱਲ ਹੈ ਬਾਕੀ ਸੂਬਿਆਂ ਅੰਦਰ ਵੀ ਸ਼੍ਰੋਮਣੀ ਕਮੇਟੀ ਨੇ ਕਾਫੀ ਕੁਝ ਕੀਤਾ ਪਰ ਪਿਛਲੇ ਸਮੇਂ ਤੋਂ ਹੋ ਰਹੀ ਬਦਨਾਮੀ ਨੇ ਸ਼੍ਰੋਮਣੀ ਕਮੇਟੀ ਦਾ ਸਭ ਕੁਝ ਤਹਿਸ ਨਹਿਸ ਕਿ ਕਰ ਦਿੱਤਾ ਹੈ ।

ਰਹਿੰਦੀ ਬਾਕੀ ਕਸਰ ਸ੍ਰੀ ਅਨੰਦਪੁਰ ਸਾਹਿਬ ਤੋਂ ਅਮਰਜੀਤ ਸਿੰਘ ਚਾਵਲਾ ਵਾਲੀ ਘਟਨਾ ਨੇ ਪੂਰੀ ਕਰ ਦਿੱਤੀ ਹੈ।ਹੈਰਾਨੀਜਨਕ ਤਥੇ ਹੈ ਕਿ ਅਕਾਲੀ ਆਗੂ ਵਿਰਸਾ ਸਿੰਘ ਬਲਟੋਹਾ ਅਤੇ ਸਰਬਜੀਤ ਸਿੰਘ ਝਿੰਜਰ ਜੋ ਬਹਿਰੀਨ ਵਾਲੀ ਬੀਬੀ ਨੂੰ ਇੱਥੇ ਲੈ ਕੇ ਆਏ ਸਨ ।ਉਹਨਾਂ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਫਸਾਉਣਾ ਸੀ ।ਜਦ ਕਿ ਕੰਮ ਸਾਰਾ ਉਲਟ ਹੋ ਗਿਆ ਫਸ ਆਪ ਅਕਾਲੀ ਲੀਡਰ ਗਏ ਜਿਸ ਦੇ ਵਿੱਚ ਵਿਰਸਾ ਸਿੰਘ ਵਲਟੋਹਾ ਅਤੇ ਸਰਬਜੀਤ ਸਿੰਘ ਝਿੰਜਰ ਦਾ ਨਾਮ ਸਰੇਆਮ ਬੋਲਦਾ ਹੈ ।ਉਸ ਤੋਂ ਬਾਅਦ ਉਸ ਬੀਬੀ ਨੇ ਜੋ ਖੁਲਾਸੇ ਕੀਤੇ ਹਨ ਉਹ ਵੀ ਸਭ ਦੇ ਸਾਹਮਣੇ ਹਨ ਤੇ ਅਮਰਜੀਤ ਸਿੰਘ ਚਾਵਲਾ ਵਿਦੇਸ਼ ਭੱਜ ਗਿਆ ਹੈ ।ਇਸ ਘਟਨਾ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਤੇ ਵੱਡੀ ਬਿਆਨਬਾਜ਼ੀ ਸ਼ੁਰੂ ਹੋ ਚੁੱਕੀ ਹੈ।ਵੱਖ-ਵੱਖ ਤਰ੍ਹਾਂ ਦੇ ਬਿਆਨ ਸਾਹਮਣੇ ਆ ਰਹੇ ਹਨ ਵਿਰੋਧੀ ਧਿਰਾਂ ਇਹਨਾਂ ਸੰਸਥਾਵਾਂ ਨੂੰ ਘੇਰ ਰਹੀਆਂ ਹਨ ।

ਇਸ ਮਾਮਲੇ ਦੇ ਵਿੱਚ ਸਭ ਤੋਂ ਅਹਿਮ ਵੱਡੀ ਗੱਲ ਇਹ ਹੈ ਕਿ ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਕੁਲਦੀਪ ਸਿੰਘ ਗੜਗੱਜ ਦੀ ਕੋਈ ਖਾਸ ਬਿਆਨਬਾਜ਼ੀ ਸਾਹਮਣੇ ਆ ਨੇ ਨਹੀਂ ਆ ਰਹੀ । ਜਦਕਿ ਮੁੱਖ ਮੰਤਰੀ ਨੂੰ ਤਲਬ ਕਰਨ ਵਾਲੇ ਮਾਮਲੇ ਉੱਤੇ ਤਾਂ ਉਹਨਾਂ ਨੇ ਕਾਫੀ ਪਹਿਲ ਕੀਤੀ ਸੀ ।ਉਸ ਤੋਂ ਪਹਿਲਾਂ ਸੱਤਾਧਾਰੀ ਧਿਰ ਦੇ ਵਿਧਾਇਕਾਂ ਨੂੰ ਵੀ ਸ੍ਰੀ ਅਕਾਲ ਤਖਤ ਸਾਹਿਬ ਤੇ ਤਲਬ ਕੀਤਾ ਸੀ ਪਰ ਹੁਣ ਅਮਰਜੀਤ ਸਿੰਘ ਵਾਲੇ ਚਾਵਲੇ ਦੇ ਵਿੱਚ ਸਾਡੇ ਆਗੂਆਂ ਦੀ ਜਵਾਨ ਕਿਉਂ ਬੰਦ ਹੈ ।ਬਹਿਰੀਨ ਵਾਲੀ ਬੀਬੀ ਨੂੰ ਪੈਸੇ ਕਿਸ ਨੇ ਦਿੱਤੇ ਕਿਸ ਦੇ ਖਾਤੇ ਵਿੱਚੋਂ ਪੈਸੇ ਦਿੱਤੇ ਕਿਉਂ ਦਿੱਤੇ ਇਹ ਸਵਾਲ ਵੱਡੇ ਹਨ ਜਦ ਕਿ ਵਲਟੋਹੇ ਵਰਗੇ ਆਗੂ ਝੂਠੀ ਬਿਆਨਬਾਜ਼ੀ ਕਰ ਰਹੇ ਹਨ ਜਿਸ ਦੇ ਨਾਲ ਕੌਮ ਦਾ ਸਿਰ ਨੀਵਾਂ ਹੋ ਰਿਹਾ ਹੈ ।ਕੁੱਲ ਮਿਲਾ ਕੇ ਸ਼੍ਰੋਮਣੀ ਕਮੇਟੀ ਦੀ ਬਦਨਾਮੀ ਹੋ ਰਹੀ ਹੈ ਸਾਡੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਜਥੇਦਾਰ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਬਿਨਾਂ ਪੱਖਪਾਤ ਕੀਤਿਆਂ ਆਪਣੇ ਆਗੂਆਂ ਪ੍ਰਤੀ ਵੀ ਕਾਰਵਾਈ ਕਰਨ ਤਾਂ ਕਿ ਜਨਤਾ ਦੇ ਮਨਾਂ ਵਿੱਚ ਸੰਕੇ ਪੈਦਾ ਨਾ ਹੋ ਸਕਣ ।ਕਿਉਂਕਿ ਇਹ ਸਾਂਝੀ ਸੰਸਥਾ ਹੈ ।

# ਵਿਦੇਸ਼ਾਂ ਵਿਚ ਸਿੱਖੀ ਦੀ ਵੱਧਦੀ ਸ਼ਾਨ



ਸੁਖਵਿੰਦਰ ਸਿੰਘ ਮੁੱਲਾਂਪੁਰ
ਵਟਸ ਅੱਪ +91 9914184794

ਸਿੱਖ ਧਰਮ ਸਿੱਖੀ ਸਿਧਾਤਾਂ ਨੂੰ ਲੈਕੇ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ। ਵਿਦੇਸ਼ੀ ਸਰਕਾਰਾਂ ਵੀ ਸਿੱਖ ਧਰਮ ਦਾ ਅਧਿਆਨ ਕਰਕੇ ਆਪਣੇ ਦੇਸ਼ਾਂ ਵਿਚ ਯੋਗ ਸਥਾਨ ਦੇ ਰਹੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਅਵਤਾਰ ਪੂਰਵ ਦੇ ਸਬੰਧ ਵਿੱਚ ੧ਓ ਸਿੱਖੀ ਦਾ ਚਿੰਨ 12 ਨਵੰਬਰ 2019 ਨੂੰ ਬੈਂਡੀਗੋ ਸ਼ਹਿਰ ਤੋਂ 13 ਕਿਲੋਮੀਟਰ ਦੂਰ ਮੈਲਬੋਰਨ ( ਵੈਕਟੋਰੀਆ) ਸ਼ਹਿਰ ਤੋ 161 ਕਿਲੋਮੀਟਰ ਦੀ ਦੂਰੀ ਤੇ ਸਥਾਪਿਤ ਕੀਤਾ ਗਿਆ।

ਇਸ ਸਥਾਨ ਦੇ ਨਜ਼ਦੀਕ ਬੁੱਧ ਧਰਮ ਵਾਲਿਆਂ ਦਾ (ਦੀ ਗਰੇਟ ਸਟੂਪਾ) ਬਹੁਤ ਵੱਡਾ ਅਸਥਾਨ ਬਣਿਆ ਹੋਇਆ ਹੈ।

ਬੁੱਧ ਧਰਮ ਦੇ ਅਸਥਾਨ ਮੂਹਰੇ ਬਣਿਆ ਸਰਕਾਰੀ ਪੀਸ ਪਾਰਕ ਹੈ। ਉਸ ਪਾਰਕ ਵਿੱਚ ਹੋਰ ਧਰਮਾਂ ਦੇ ਧਾਰਮਿਕ ਚਿੰਨ ਸਥਾਪਿਤ ਕੀਤੇ ਹੋਏ ਹਨ। ਜਿਸ ਤਰਾਂ ਹਿੰਦੂ ਧਾਰਮਿਕ ਚਿੰਨ, ਇਸਾਈ ਧਾਰਮਿਕ ਚਿੰਨ,ਗਣੇਸ਼ ਮੰਦਰ ਆਦਿ ਧਾਰਮਿਕ ਚਿੰਨ ਹਨ। ਸਿੱਖਾਂ ਨੇ ਸਰਕਾਰੀ ਮਨਜ਼ੂਰੀ ਅਨੁਸਾਰ ਉੱਥੇ ਆਪਣਾ ਸਿੱਖੀ ਦਾ ਧਾਰਮਿਕ ਚਿੰਨ ੧ਓ ਸਥਾਪਿਤ ਕਰ ਦਿੱਤਾ।

ਇਹ ਹੁਣ ਉੱਥੇ 12 ਧਾਰਮਿਕ ਚਿੰਨ ਸਥਾਪਿਤ ਹੋ ਚੁੱਕੇ ਹੈ। ਇਸ ਚਿੰਨ ਦਾ ਉੱਥੇ ਸਥਾਪਿਤ ਹੋਣਾ ਸਿੱਖ ਕੌਮ ਲਈ ਬਹੁਤ ਵੱਡੀ ਮਾਣ ਵਾਲੀ ਗੱਲ ਹੈ। ਇਹ ੧ਓ ਦਾ ਚਿੰਨ ਫਾਈਬਰ ਕਾਰਬਨ ਦਾ ਬਣਿਆ ਹੋਇਆ ਹੈ। ਇਹ ਚਿੰਨ ਦੋ ਕੁਆਟਿਲ (200 ਕਿਲੋ ਗ੍ਰਾਮ) ਵਜ਼ਨ ਦਾ ਸਨੁਹਿਰੀ ਰੰਗ ਵਾਲਾ ਹੈ। ਇਸ ਚਿੰਨ ਦਾ ਡਜਾਇਨ ਅਸਟ੍ਰੇਲੀਆ ਵਿਚ ਤਿਆਰ ਕੀਤਾ ਗਿਆ। ਇਹ ਚਿੰਨ ਵਿਕਟੋਰੀਆ ਸਿੱਖ ਕੌਂਸਿਲ ਦੀ ਨਿਗਰਾਨੀ ਹੇਠ ਤਿਆਰ ਕੀਤਾ ਗਿਆ। ਇਸ ਚਿੰਨ ਨੂੰ ਡਾਕਟਰ ਗੁਰਦਰਸ਼ਨ ਸਿੰਘ, ਪ੍ਰੋ. ਸੁਪਰੀਆ ਸਿੰਘ (ਆਰ.ਐਮ.ਆਈ.ਟੀ) ਅਤੇ ਵਿਕਟੋਰੀਆ ਸਿੱਖ ਸੰਗਤ ਦੇ ਸਹਿਯੋਗ ਨਾਲ ਸਥਾਪਿਤ ਕੀਤਾ ਗਿਆ। ਮਲਬੌਰਨ ਵਿਚ ਬਣੇ ਗੁਰਦੁਵਾਰਾ ਸਾਹਿਬ,ਬਲੈਕਬਰਨ ਗੁਰਦੁਵਾਰਾ ਸਾਹਿਬ, ਕਰੇਗੀਬਰਨ ਗੁਰਦੁਵਾਰਾ ਸਾਹਿਬ ਅਤੇ ਕੀਜ਼ਬਰੋ ਗੁਰਦੁਵਾਰਾ ਸਾਹਿਬ ਦੀਆਂ ਸਿੱਖ ਸੰਗਤਾਂ ਨੇ ਇਹ ਸਿੱਖੀ ਦਾ ਚਿੰਨ ਸਥਾਪਿਤ ਕਰਨ ਵਿੱਚ ਵਧੇਰੇ ਯੋਗਦਾਨ ਪਾਇਆ। ਇਹ ਅਸਟ੍ਰੇਲੀਆ ਵਿਚ ਸਿੱਖੀ ਦਾ ਪਹਿਲੀ ਧਾਰਮਿਕ ਚਿੰਨ ਹੈ ਜਿਸ ਨੂੰ ਸਥਾਪਿਤ ਕਰਨ ਲਈ ਸੁਖਵੰਤ ਸਿੰਘ ਮਲਬੌਰਨ ਨੇ ਟੀਮ ਸਮੇਤ ਸਥਾਪਿਤ ਕਰਨ ਲਈ ਮੁੱਖ ਸੇਵਾ ਨਿਭਾਈ। ਇਹ ਚਿੰਨ ਸਿੱਖ ਭਾਈਚਾਰੇ ਦੀ ਸਾਂਝ ਨੂੰ ਦਰਸਾਉਂਦਾ ਹੈ। ਵਿਦੇਸ਼ਾਂ ਵਿਚ ਵਧਦੀ ਸਿੱਖੀ ਸਾਡੇ ਗੁਰੂ ਸਾਹਿਬਾਨਾਂ ਦੇ ਦੱਸੇ ਮਾਰਗ ਤੇ ਚੱਲਣ ਦਾ ਰਾਹ ਦਰਸਾਉਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 555 ਵੇਂ ਅਵਤਾਰ ਪੂਰਵ ਨੂੰ ਮੁੱਖ ਰੱਖਦਿਆਂ 26 ਅਕਤੂਬਰ 2024 ਨੂੰ ਵੱਖ ਵੱਖ ਗੁਰਦੁਵਾਰਾ ਸਾਹਿਬ ਤੋਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਇਸ ਅਸਥਾਨ ਤੇ ਇਕੱਠੀਆਂ ਹੋਈਆਂ ਹਨ। ਹੋਪਰ ਕਰੌਸਿੰਗ (ਮਲਬੌਰਨ) ਦੇ ਗੁਰਦੁਵਾਰਾ ਸਾਹਿਬ ਤੋਂ ਪ੍ਰਧਾਨ ਆਰ ਪੀ ਸਿੰਘ ਅਤੇ ਸਮੂਹ ਕਮੇਟੀ ਦੇ ਉਪਰਾਲੇ ਨਾਲ ਗੁਰਦੁਵਾਰਾ ਸਾਹਿਬ ਦੇ ਹੈਡ ਗ੍ਰੰਥੀ ਮਾਣਯੋਗ ਸੁਖਵੀਰ ਸਿੰਘ ਜੀ ਖੰਡੂਰ ਸਾਹਿਬ ਵਾਲੇ ਅਤੇ ਗਿਆਨੀ ਅਮਨਪ੍ਰੀਤ ਸਿੰਘ ਜੀ ਅੰਮ੍ਰਿਤਸਰ ਸਾਹਿਬ ਵਾਲਿਆਂ ਦੀ ਅਗਵਾਈ ਵਿੱਚ ਸਮੂਹ ਸਿੱਖ ਸੰਗਤਾਂ ਦਰਸ਼ਨਾ ਲਈ ਬੈਂਡੀਗੋ ਵਿਖੇ ਪਹੁੰਚੀਆਂ। ਦਾਸ ਨੇ ਵੀ ਇਥੋਂ ਦੀ ਸੰਗਤ ਦੇ ਨਾਲ ਜਾਕੇ ਦਰਸ਼ਨ ਕੀਤੇ। ਉੱਥੇ ਫ਼ਲਾਂ, ਚਾਹ ਅਤੇ ਪ੍ਰਸ਼ਾਦਿਆਂ ਦੇ ਅਤੁੱਟ ਲੰਗਰ ਵਰਤਾਏ ਗਏ।ਗੁਰਦੁਵਾਰਾ ਸਿੰਘ ਸਭਾ ਬੈਂਡੀਗੋ ਵਲੋਂ ਇਸ ਸਿੱਖੀ ਦੇ ਚਿੰਨ ਦੇ ਨਜ਼ਦੀਕ ਹੀ ਜਗ੍ਹਾ ਖ੍ਰੀਦਕੇ ਗੁਰਦੁਵਾਰਾ ਸਾਹਿਬ ਸਥਾਪਿਤ ਕਰਨ ਦੇ ਯਤਨ ਜਾਰੀ ਹਨ। ਅਖ਼ੀਰ ਵਿੱਚ ਪ੍ਰਬੰਧਕਾਂ ਵਲੋਂ ਆਈ ਸਿੱਖ ਸੰਗਤ ਦਾ ਤਹਿ ਦਿੱਲੋਂ ਧੰਨਵਾਦ ਕੀਤਾ ਗਿਆ।

# ਗੁਰੂ ਰਵਿਦਾਸ ਜੀ ਦਾ 650ਵਾਂ ਜਨਮ ਦਿਹਾੜਾ ਅਤੇ ਸਮਾਜ ਕਿਥੇ ਖੜ੍ਹਾ ਹੈ ?

## ਸਿਰ.ਫ ਜਸ਼ਨ ਜਾਂ ਕੋਈ ਇਤਿਹਾਸਕ ਜ਼ਿੰਮੇਵਾਰੀ ਵੀ ?

ਗੁਰੂ ਰਵਿਦਾਸ ਜੀ ਦਾ 650ਵਾਂ ਜਨਮ ਦਿਹਾੜਾ 2027 ਵਿੱਚ ਮਨਾਇਆ ਜਾ ਰਿਹਾ ਹੈ। ਪੰਜਾਬ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਰਕਾਰਾਂ, ਧਾਰਮਿਕ ਸੰਸਥਾਵਾਂ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਇਸ ਇਤਿਹਾਸਕ ਮੌਕੇ ਨੂੰ ਵੱਡੇ ਪੱਧਰ 'ਤੇ ਮਨਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਇਹ ਚੰਗੀ ਗੱਲ ਹੈ।

ਪਰ ਇੱਕ ਸਵਾਲ ਸਾਡੇ ਆਪਣੇ ਸਮਾਜ ਦੇ ਸਾਹਮਣੇ ਵੀ ਖੜ੍ਹਾ ਹੈ —

ਇਸ ਇਤਿਹਾਸਕ ਮੌਕੇ 'ਤੇ ਸਾਡੀ ਆਪਣੀ ਭੂਮਿਕਾ ਕੀ ਹੈ ?

ਕੀ 650ਵਾਂ ਜਨਮ ਦਿਹਾੜਾ ਵੀ ਸਿਰ.ਫ ਵੱਡੇ ਸਮਾਗਮਾਂ, ਨਗਰ ਕੀਰਤਨਾਂ, ਮੰਚਾਂ, ਲੰਗਰਾਂ ਅਤੇ ਭਾਸ਼ਣਾਂ ਤੱਕ ਹੀ ਸੀਮਤ ਰਹੇਗਾ ਜਾਂ ਅਸੀਂ ਇਸ ਮੌਕੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਕੋਈ ਪੱਕੀ ਵਿਰਾਸਤ ਛੱਡਣ ਵਾਸਤੇ ਵਰਤਾਂਗੇ ?

ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ 600ਵਾਂ ਅਸੀਂ ਨਹੀਂ ਮਨਾ ਸਕੇ।

ਅੱਜ ਤੋਂ 50 ਸਾਲ ਬਾਅਦ 700ਵਾਂ ਜਨਮ ਦਿਹਾੜਾ ਆਵੇਗਾ। ਉਸ ਵੇਲੇ ਅੱਜ ਦੇ ਬਹੁਤ ਸਾਰੇ ਨੌਜਵਾਨ ਬਜ਼ੁਰਗ ਹੋ ਚੁੱਕੇ ਹੋਣਗੇ ਅਤੇ ਅੱਜ ਦੇ ਬੱਚਿਆਂ ਦੀ ਅਗਲੀ ਪੀੜ੍ਹੀ ਉਸ ਸਮੇਂ ਸਮਾਜ ਦੀ ਅਗਵਾਈ ਕਰ ਰਹੀ ਹੋਵੇਗੀ। 700ਵਾਂ ਸ਼ਾਇਦ ਸਾਡੇ ਵਿੱਚੋਂ ਬਹੁਤ ਸਾਰੇ ਦੇਖ ਵੀ ਨਹੀਂ ਸਕਣਗੇ ।

ਇਸ ਲਈ 650ਵਾਂ ਸਿਰ.ਫ ਇੱਕ ਸਾਲ ਦਾ ਜਸ਼ਨ ਹੀ ਨਹੀਂ। ਇਹ ਸਾਡੇ ਕੋਲ ਆਪਣੇ ਸਮਾਜ ਲਈ ਕੁਝ ਅਜਿਹਾ ਕਰਨ ਦਾ ਮੌਕਾ ਹੈ, ਜਿਸਨੂੰ ਅਗਲੀ ਪੀੜ੍ਹੀ ਵੀ ਯਾਦ ਕਰੇ।

ਅੱਜ ਸਾਡੇ ਕੋਲ ਉਹ ਸਭ ਕੁਝ ਹੈ ਜੋ ਪਹਿਲਾਂ ਨਹੀਂ ਸੀ

ਲਗਭਗ 50 ਸਾਲ ਪਹਿਲਾਂ ਸਾਡੇ ਸਮਾਜ ਵਿੱਚ ਅੱਜ ਜਿੰਨੀ ਸਮਾਜਿਕ ਚੇਤਨਾ ਨਹੀਂ ਸੀ। ਨਾ ਮੋਬਾਈਲ ਸਨ, ਨਾ ਇੰਟਰਨੈੱਟ, ਨਾ ਸੋਸ਼ਲ ਮੀਡੀਆ ਅਤੇ ਨਾ ਹੀ ਡਿਜ਼ੀਟਲ ਲਾਇਬ੍ਰੇਰੀਆਂ।

ਅੱਜ ਸਥਿਤੀ ਬਿਲਕੁਲ ਵੱਖਰੀ ਹੈ।

ਸਾਡੇ ਬੱਚੇ ਉੱਚੀਆਂ ਪੜ੍ਹਾਈਆਂ ਕਰ ਰਹੇ ਹਨ। ਸਾਡੇ ਸਮਾਜ ਵਿੱਚ ਅਧਿਆਪਕ, ਪ੍ਰੋਫੈਸਰ, ਡਾਕਟਰ, ਵਕੀਲ, ਇੰਜੀਨੀਅਰ, ਅਧਿਕਾਰੀ ਅਤੇ ਹੋਰ ਬਹੁਤ ਸਾਰੇ ਪੜ੍ਹੇ-ਲਿਖੇ ਲੋਕ ਹਨ। ਰਿਟਾਇਰ ਹੋਏ ਲੋਕਾਂ ਕੋਲ ਤਜਰਬਾ ਹੈ ਅਤੇ ਨੌਜਵਾਨਾਂ ਕੋਲ ਤਕਨਾਲੋਜੀ ਤੇ ਨਵੀਂ ਸੋਚ ਹੈ।

ਫਿਰ ਸਵਾਲ ਇਹ ਹੈ ਕਿ ਇਹ ਸਾਰੀ ਪੜ੍ਹਾਈ, ਯੋਗਤਾ ਅਤੇ ਤਜਰਬਾ ਸਮਾਜ ਦੇ ਸਾਂਝੇ ਕੰਮ ਕਦੋਂ ਆਵੇਗਾ ?

ਅਸੀਂ ਅਕਸਰ 'ਬੇ.ਗਮਪੁਰਾ' ਦੀ ਗੱਲ ਕਰਦੇ ਹਾਂ। ਭਾਸ਼ਣਾਂ ਵਿੱਚ 'ਬੇ.ਗਮਪੁਰਾ' ਦਾ ਜ਼ਿਕਰ ਹੁੰਦਾ ਹੈ। ਲੇਖਾਂ ਵਿੱਚ 'ਬੇ.ਗਮਪੁਰਾ' ਦਾ ਸੁਪਨਾ ਲਿਖਿਆ ਜਾਂਦਾ ਹੈ।

ਪਰ ਸਵਾਲ ਇਹ ਹੈ—

'ਬੇ.ਗਮਪੁਰਾ' ਬਣਾਉਣ ਵੱਲ ਸਾਡੇ ਸਾਂਝੇ ਕਦਮ ਕਿਥੇ ਹਨ ?

ਜੇ ਬੇ.ਗਮਪੁਰਾ ਸਿਰ.ਫ ਭਾਸ਼ਣਾਂ ਦਾ ਵਿਸ਼ਾ ਰਹਿ ਗਿਆ ਤਾਂ ਇਹ ਸਿਰ.ਫ ਇੱਕ ਸੁੰਦਰ ਕਲਪਨਾ ਬਣ ਕੇ ਰਹਿ ਜਾਵੇਗਾ।

ਬੇ.ਗਮਪੁਰਾ ਦੀ ਸੋਚ ਨੂੰ ਅਮਲ ਵਿੱਚ ਲਿਆਉਣ ਲਈ ਸਿੱਖਿਆ, ਬਰਾਬਰੀ, ਰੁਜ਼ਗਾਰ, ਖੋਜ, ਸਮਾਜਿਕ ਸੰਗਠਨ ਅਤੇ ਨੌਜਵਾਨਾਂ ਦੀ ਅਗਵਾਈ ਉੱਤੇ ਕੰਮ ਕਰਨਾ ਪਵੇਗਾ।

ਪ੍ਰੋਗ੍ਰਾਮਾ ਵਿੱਚ ਸਟੇਜਾਂ ਤੇ ਗੀਤਾਂ ਵਿੱਚ ਬੇ.ਗਮਪੁਰਾ ਬਸਾਉਣ ਦੀਆਂ ਡੀਂਗਾਂ ਮਾਰਨ ਵਾਲੇ ਅੱਜ ਦੂਰ ਦੂਰ ਨਜਰ ਨਹੀਂ ਆ ਰਹੇ, ਜਦੋਂ ਕਿ ਦਿਨ ਬੜੇ ਥੋੜੇ ਰਹਿ ਗਏ ਹਨ ?

ਇੱਥੇ ਸੰਤ ਸਮਾਜ ਦੀ ਭੂਮਿਕਾ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ।

ਗੁਰੂ ਰਵਿਦਾਸ ਜੀ ਦੇ ਦੇਸ਼ ਵਿਦੇਸ਼ ਵਸਦੇ ਸ਼ਰਧਾਲੂਆਂ ਦੀ ਕਮਾਈ ਵੱਡੇ ਪੱਧਰ ਤੇ ਦਾਨ ਦੇ ਰੂਪ ਵਿੱਚ ਡੇਰਿਆਂ ਵਿੱਚ ਆਉਂਦੀ ਹੈ, ਕੀ ਸੰਤ ਸਮਾਜ ਇਕੱਠੇ ਹੋਕੇ ਆਪਣੇ ਤੌਰ ਤੇ 650ਵੇਂ ਜਨਮ ਦਿਨ ਤੇ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ ?

ਗੁਰੂ ਰਵਿਦਾਸ ਜੀ ਦੇ ਨਾਮ 'ਤੇ ਸੰਗਤ ਦੀ ਸ਼ਰਧਾ ਨਾਲ ਇਕੱਠੇ ਹੋਣ ਵਾਲੇ ਸਰੋਤਾਂ ਵਿੱਚੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਕੀ ਸਥਾਈ ਯੋਜਨਾ ਬਣ ਰਿਹਾ ਹੈ ?

ਸੰਤ ਸਮਾਜ 650ਵੇਂ ਜਨਮ ਦਿਨ ਤੇ ਸੰਗਤ ਦੇ ਪੈਸੇ ਨਾਲ ਗੁਰੂ ਰਵਿਦਾਸ ਜੀ ਵਿਚਾਰਧਾਰਾ ਅੱਗੇ ਲਿਜਾਣ ਦਾ ਕੀ ਪ੍ਰੋਗਰਾਮ ਹੈ ?

ਇਹ ਸਵਾਲ ਕਿਸੇ ਦੀ ਸ਼ਰਧਾ 'ਤੇ ਸਵਾਲ ਨਹੀਂ ਹੈ। ਇਹ ਸਾਂਝੇ ਸਰੋਤਾਂ ਦੀ ਸਮਾਜਕ ਵਰਤੋਂ ਦਾ ਸਵਾਲ ਹੈ।

ਜੇ ਸੰਗਤ ਆਪਣੀ ਸ਼ਰਧਾ ਨਾਲ ਕੁਝ ਦਿੰਦੀ ਹੈ ਤਾਂ ਸੰਗਤ ਨੂੰ ਇਹ ਜਾਣਨ ਦਾ ਜਾਨਣਾ ਕੋਈ ਅਤਕਥਨੀ ਨਹੀਂ ਹੈ ਕਿ ਉਸ ਨਾਲ ਸਮਾਜ ਲਈ ਕਿਹੜਾ ਪੱਕਾ ਕੰਮ ਹੋ ਰਿਹਾ ਹੈ।

ਸਮਾਗਮਾਂ ਤੋਂ ਅੱਗੇ ਵਧਣ ਦੀ ਲੋੜ ਹੈ , ਸਮਾਗਮ ਜ਼ਰੂਰੀ ਹਨ। ਉਹ ਸਾਨੂੰ ਇਕੱਠਾ ਕਰਦੇ ਹਨ ਅਤੇ ਸਾਡੀ ਵਿਰਾਸਤ ਨਾਲ ਜੋੜਦੇ ਹਨ।

ਪਰ ਸਮਾਗਮ ਇੱਕ ਦਿਨ ਦਾ ਹੁੰਦਾ ਹੈ, ਸਿੱਖਿਆ ਦਾ ਲਾਭ ਪੀੜ੍ਹੀਆਂ ਤੱਕ ਜਾਂਦਾ ਹੈ।

ਇੱਕ ਲੰਗਰ ਇੱਕ ਦਿਨ ਦੀ ਭੁੱਖ ਮਿਟਾ ਸਕਦਾ ਹੈ, ਪਰ ਇੱਕ ਬੱਚੇ ਦੀ ਪੜ੍ਹਾਈ ਉਸ ਦੀ ਪੂਰੀ ਜ਼ਿੰਦਗੀ ਬਦਲ ਸਕਦੀ ਹੈ।

ਇੱਕ ਵੱਡਾ ਮੰਚ ਹਜ਼ਾਰਾਂ ਲੋਕਾਂ ਨੂੰ ਇਕੱਠਾ ਕਰ ਸਕਦਾ ਹੈ, ਪਰ ਇੱਕ ਚੰਗੀ ਕਿਤਾਬ ਲੱਖਾਂ ਲੋਕਾਂ ਦੀ ਸੋਚ ਬਦਲ ਸਕਦੀ ਹੈ।

ਮੇਜਰ ਸਿੰਘ ਬੁਢਲਾਡਾ
94176 42327

ਇਸ ਲਈ 650ਵੇਂ ਜਨਮ ਦਿਹਾੜੇ ਮੌਕੇ ਸਾਨੂੰ ਦੋਵੇਂ ਕੰਮ ਕਰਨੇ ਚਾਹੀਦੇ ਹਨ—ਜਸ਼ਨ ਵੀ ਅਤੇ ਨਿਰਮਾਣ ਵੀ।

ਮੇਰਾ ਸੁਝਾਅ ਹੈ ਕਿ ਇਸ ਮੌਕੇ ਨੂੰ ਇੱਕ ਸੰਗਠਿਤ ਅਤੇ ਲੰਮੇ ਸਮੇਂ ਦੇ ਸਮਾਜਿਕ ਪ੍ਰੋਗਰਾਮ ਦੀ ਸ਼ੁਰੂਆਤ ਬਣਾਇਆ ਜਾਵੇ।

**1. ਗੁਰੂ ਰਵਿਦਾਸ ਗਿਆਨ ਤੇ ਸਮਾਜ ਵਿਕਾਸ ਮੰਚ (ਜਿਵੇਂ ਵੀ ਸਹਿਮਤੀ ਬਣੇ)**

ਇੱਕ ਗੈਰ-ਸਿਆਸੀ ਅਤੇ ਗੈਰ-ਮੁਨਾ.ਫਾ ਮੰਚ ਬਣੇ, ਜਿਸ ਵਿੱਚ ਅਧਿਆਪਕ, ਪ੍ਰੋਫੈਸਰ, ਡਾਕਟਰ, ਵਕੀਲ, ਇੰਜੀਨੀਅਰ, ਅਧਿਕਾਰੀ, ਰਿਟਾਇਰਡ ਕਰਮਚਾਰੀ, ਖੋਜਕਰਤਾ, ਲੇਖਕ ਅਤੇ ਸਮਾਜ ਦੇ ਹੋਰ ਯੋਗ ਲੋਕ ਸ਼ਾਮਲ ਹੋਣ।

ਸ਼ੁਰੂਆਤ ਵੱਡੀ ਗਿਣਤੀ ਨਾਲ ਨਹੀਂ, 100 ਗੰਭੀਰ ਅਤੇ ਕੰਮ ਕਰਨ ਵਾਲੇ (ਜਾ ਵੱਧ ਘੱਟ) ਲੋਕਾਂ ਨਾਲ ਵੀ ਹੋ ਸਕਦੀ ਹੈ।

2 ਰਿਟਾਇਰ ਹੋਏ ਅਧਿਕਾਰੀਆਂ ਅਤੇ ਕਰਮਚਾਰੀਆਂ ਕੋਲ ਲੰਮਾ ਤਜਰਬਾ ਹੈ। ਉਨ੍ਹਾਂ ਨੂੰ ਸਨਮਾਨਿਤ ਕਰਨ ਦੇ ਨਾਲ ਨਾਲ ਨੌਜਵਾਨਾਂ ਦੇ ਮਾਰਗਦਰਸ਼ਕ ਵਜੋਂ ਜੋੜਿਆ ਜਾਵੇ।

ਉਹ ਨੌਜਵਾਨਾਂ ਨੂੰ ਪੜ੍ਹਾਈ, ਮੁਕਾਬਲੇ ਦੀਆਂ ਪ੍ਰੀਖਿਆਵਾਂ, ਨੌਕਰੀ, ਪ੍ਰਸ਼ਾਸਨ ਅਤੇ ਜੀਵਨ ਦੇ ਤਜਰਬੇ ਬਾਰੇ ਸੇਧ ਦੇ ਸਕਦੇ ਹਨ।

3. **ਗੁਰੂ ਰਵਿਦਾਸ ਡਿਜ਼ੀਟਲ ਲਾਇਬ੍ਰੇਰੀ-**

ਗੁਰੂ ਰਵਿਦਾਸ ਜੀ ਦੀ ਬਾਣੀ, ਭਰੋਸੇਯੋਗ ਕਿਤਾਬਾਂ, ਇਤਿਹਾਸਕ ਦਸਤਾਵੇਜ਼, ਖੋਜ-ਲੇਖ, ਆਡੀਓ ਅਤੇ ਵੀਡੀਓ ਸਮੱਗਰੀ ਨੂੰ ਇੱਕ ਥਾਂ ਇਕੱਠਾ ਕੀਤਾ ਜਾਵੇ।

ਇਹ ਅਜਿਹਾ ਗਿਆਨ-ਭੰਡਾਰ ਹੋਵੇ ਜੋ ਅੱਜ ਦਾ ਵਿਦਿਆਰਥੀ ਹੀ ਨਹੀਂ, 700ਵੇਂ ਜਨਮ ਦਿਹਾੜੇ ਵਾਲੀ ਪੀੜ੍ਹੀ ਵੀ ਵਰਤ ਸਕੇ।

4. **ਹਰ ਸਾਲ 100 ਵਿਦਿਆਰਥੀਆਂ ਦੀ ਜ਼ਿੰਮੇਵਾਰੀ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਲਈ ਵਜ਼ੀ.ਫੇ, ਕਰੀਅਰ ਮਾਰਗਦਰਸ਼ਨ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਸਹਾਇਤਾ ਦਿੱਤੀ ਜਾਵੇ।**

ਇੱਕ ਸਾਲ ਵਿੱਚ 100 ਬੱਚਿਆਂ ਤੋਂ ਸ਼ੁਰੂਆਤ ਹੋਵੇ। ਇਹ ਗਿਣਤੀ ਹੌਲੀ-ਹੌਲੀ ਵਧਾਈ ਜਾ ਸਕਦੀ ਹੈ।

5. **"ਇੱਕ ਪਰਿਵਾਰ—ਇੱਕ ਵਿਦਿਆਰਥੀ**

ਜਿਹੜਾ ਪਰਿਵਾਰ ਸਮਰੱਥ ਹੈ, ਉਹ ਇੱਕ ਲੋੜਵੰਦ ਬੱਚੇ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਲਵੇ।

ਜੇ ਹਜ਼ਾਰਾਂ ਪਰਿਵਾਰ ਇਹ ਛੋਟੀ ਜਿਹੀ ਜ਼ਿੰਮੇਵਾਰੀ ਲੈ ਲੈਣ ਤਾਂ ਸਮਾਜ ਵਿੱਚ ਵੱਡਾ ਬਦਲਾਅ ਆ ਸਕਦਾ ਹੈ।

6. **ਬੇ.ਗਮਪੁਰਾ ਵਿਚਾਰ ਸੰਮੇਲਨ**

ਹਰ ਸਾਲ ਇੱਕ ਅਜਿਹਾ ਸੰਮੇਲਨ ਹੋਵੇ ਜਿਸ ਵਿੱਚ ਸਿਰ.ਫ ਭਾਸ਼ਣ ਨਾ ਹੋਣ, ਸਗੋਂ ਸਿੱਖਿਆ, ਜਾਤ-ਪਾਤ, ਬਰਾਬਰੀ, ਨੌਜਵਾਨਾਂ, ਔਰਤਾਂ, ਵਿਗਿਆਨਕ ਸੋਚ, ਰੁਜ਼ਗਾਰ ਅਤੇ ਆਰਥਿਕ ਮਜ਼ਬੂਤੀ ਵਰਗੇ ਮਸਲਿਆਂ 'ਤੇ ਵਿਚਾਰ ਕਰਕੇ ਲਿਖਤੀ .ਫੈਸਲੇ ਅਤੇ ਅਗਲੇ ਸਾਲ ਦੇ ਟੀਚੇ ਤੈਅ ਕੀਤੇ ਜਾਣ।

7. **"650 ਤੋਂ 700"ਦਾ 50 ਸਾਲਾ ਰੋਡਮੈਪ**

650ਵੇਂ ਤੋਂ 700ਵੇਂ ਜਨਮ ਦਿਹਾੜੇ ਤੱਕ ਦਾ ਇੱਕ ਲੰਮਾ ਪ੍ਰੋਗਰਾਮ ਬਣਾਇਆ ਜਾਵੇ।

ਇਸ ਵਿੱਚ ਸਿੱਖਿਆ, ਖੋਜ, ਸਾਹਿਤ, ਡਿਜ਼ੀਟਲ ਗਿਆਨ, ਨੌਜਵਾਨਾਂ ਦੀ ਤਿਆਰੀ ਅਤੇ ਸਮਾਜਿਕ-ਆਰਥਿਕ ਮਜ਼ਬੂਤੀ ਦੇ ਸਪਸ਼ਟ ਟੀਚੇ ਹੋਣ।

8. **ਹਰ ਸਾਲ ਜਨਤਕ ਹਿਸਾਬ**

ਜਿਹੜੀ ਸੰਸਥਾ ਸਮਾਜ ਲਈ ਕੰਮ ਕਰਦੀ ਹੈ, ਉਹ ਹਰ ਸਾਲ ਦੱਸੇ ਕਿ—

- ਕਿੰਨੇ ਵਿਦਿਆਰਥੀਆਂ ਦੀ ਮਦਦ ਕੀਤੀ ?
- ਕਿੰਨੀਆਂ ਵਜ਼ੀ.ਫੇ ਦਿੱਤੇ ?
- ਕਿੰਨੇ ਖੋਜ ਕਾਰਜ ਹੋਏ ?
- ਕਿੰਨੀਆਂ ਕਿਤਾਬਾਂ ਜਾਂ ਡਿਜ਼ੀਟਲ ਸਮੱਗਰੀ ਤਿਆਰ ਹੋਈ ?
- ਕਿੰਨੇ ਨੌਜਵਾਨਾਂ ਨੂੰ ਮਾਰਗਦਰਸ਼ਨ ਮਿਲਿਆ ?
- ਕਿੰਨਾ ਪੈਸਾ ਆਇਆ ਅਤੇ ਕਿੱਥੇ ਖਰਚ ਹੋਇਆ ?

ਪਾਰਦਰਸ਼ਤਾ ਹੀ ਭਰੋਸੇ ਦੀ ਨੀਂਹ ਹੈ।

ਪਹਿਲੇ 90 ਦਿਨਾਂ ਵਿੱਚ ਸ਼ੁਰੂਆਤ ਕਿਵੇਂ ਹੋ ਸਕਦੀ ਹੈ?

ਪਹਿਲੇ 30 ਦਿਨ:

10-15 ਮੈਂਬਰਾਂ ਦੀ ਅੰਤਰਿਮ ਟੀਮ ਬਣੇ, 100 ਪੜ੍ਹੇ-ਲਿਖੇ ਲੋਕਾਂ ਨਾਲ ਸੰਪਰਕ ਕੀਤਾ ਜਾਵੇ ਅਤੇ ਮੰਚ ਦੇ ਉਦੇਸ਼ ਤੇ ਨਿਯਮ ਤੈਅ ਕੀਤੇ ਜਾਣ।

31 ਤੋਂ 60 ਦਿਨ:

ਜ਼ਿਲ੍ਹਾ ਪੱਧਰ 'ਤੇ ਸਹਿਯੋਗੀ ਬਣਾਏ ਜਾਣ, ਡਿਜ਼ੀਟਲ ਪਲੇਟਫਾਰਮ ਤਿਆਰ ਕੀਤਾ ਜਾਵੇ ਅਤੇ ਰਿਟਾਇਰਡ ਮਾਰਗਦਰਸ਼ਕ ਮੰਡਲੀ ਬਣਾਈ ਜਾਵੇ।

61 ਤੋਂ 90 ਦਿਨ:

ਪਹਿਲਾ ਬੇ.ਗਮਪੁਰਾ ਵਿਚਾਰ ਸੰਮੇਲਨ ਕਰਵਾਇਆ ਜਾਵੇ ਅਤੇ "650 ਤੋਂ 700"ਦਾ ਪਹਿਲਾ ਰੋਡਮੈਪ ਜਨਤਕ ਕੀਤਾ ਜਾਵੇ।

ਇਹ ਕੰਮ ਕਿਸੇ ਇੱਕ ਵਿਅਕਤੀ ਜਾਂ ਇੱਕ ਸੰਸਥਾ ਦਾ ਨਹੀਂ ਹੋ ਸਕਦਾ। ਇਹ ਸਾਂਝੀ ਜ਼ਿੰਮੇਵਾਰੀ ਹੈ।

ਆਖ਼ਰੀ ਗੱਲ

650ਵਾਂ ਸਾਲ ਸਾਡੇ ਇਤਿਹਾਸ ਵਿੱਚ ਇਸ ਲਈ ਵੀ ਯਾਦ ਰਹਿ ਸਕਦਾ ਹੈ ਕਿ ਇਸ ਸਾਲ ਅਸੀਂ ਆਪਣੇ ਸਮਾਜ ਲਈ ਕੁਝ ਅਜਿਹਾ ਬਣਾਇਆ, ਜੋ ਸਾਡੇ ਤੋਂ ਬਾਅਦ ਵੀ ਕੰਮ ਆਉਂਦਾ ਰਿਹਾ।

ਸਾਡੇ ਕੋਲ ਪੜ੍ਹੇ-ਲਿਖੇ ਲੋਕ ਹਨ।

ਸਾਡੇ ਕੋਲ ਤਜਰਬੇਕਾਰ ਲੋਕ ਹਨ।

ਸਾਡੇ ਕੋਲ ਨੌਜਵਾਨ ਹਨ।

ਸਾਡੇ ਕੋਲ ਤਕਨਾਲੋਜੀ ਹੈ।




ਸਾਡੇ ਕੋਲ ਸਰੋਤ ਵੀ ਹਨ।

ਹੁਣ ਲੋੜ ਸਿਰ.ਫ ਇਕੱਠੇ ਹੋ ਕੇ ਕੰਮ ਸ਼ੁਰੂ ਕਰਨ ਦੀ ਹੈ।

ਆਓ, 650ਵਾਂ ਜਨਮ ਦਿਹਾੜਾ ਸਿਰ.ਫ ਮਨਾਈਏ ਨਾ।

ਇਸ ਨੂੰ ਇੱਕ ਨਵੀਂ ਸ਼ੁਰੂਆਤ ਬਣਾਈਏ।

ਅਜਿਹੀ ਸ਼ੁਰੂਆਤ, ਜਿਸਦਾ ਲਾਭ 700ਵੇਂ ਜਨਮ ਦਿਹਾੜੇ ਵਾਲੀ ਪੀੜ੍ਹੀ ਨੂੰ ਮਿਲੇ।

ਅਜਿਹੀ ਵਿਰਾਸਤ, ਜਿਸ 'ਤੇ ਸਾਡੇ ਬੱਚੇ ਮਾਣ ਕਰ ਸਕਣ। ਅਜਿਹਾ ਕੰਮ, ਜਿਸ ਨੂੰ ਦੇਖ ਕੇ ਆਉਣ ਵਾਲੀ ਪੀੜ੍ਹੀ ਕਹੇ—

"650ਵੇਂ ਜਨਮ ਦਿਹਾੜੇ ਵੇਲੇ ਸਾਡੇ ਵੱਡਿਆਂ ਨੇ ਸਿਰ.ਫ ਗੁਰੂ ਰਵਿਦਾਸ ਜੀ ਨੂੰ ਯਾਦ ਨਹੀਂ ਕੀਤਾ ਸੀ, ਉਨ੍ਹਾਂ ਨੇ ਸਾਡੇ ਭਵਿੱਖ ਦੀ ਨੀਂਹ ਵੀ ਰੱਖੀ ਸੀ।

ਸ਼ਾਇਦ ਗੁਰੂ ਰਵਿਦਾਸ ਜੀ ਨੂੰ ਸਾਡੀ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ—

# ਮੈਂ ਵਾਰੀ ਵਾਰੀ ਆਂ

ਘਰ ਦੇ ਸਾਹਮਣੇ ਵਾਲੇ ਟੋਭੇ ਦੇ ਉੱਤੋਂ ਦੀ ਲੰਘ ਕੇ ਹਵਾ ਜਦੋਂ ਆ ਕੇ ਮੇਰੇ ਚ ਟਕਰਾਉਂਦੀ ਤਾਂ ਮਹਿਸੂਸ ਹੁੰਦਾ ਜਿਉਂ ਚਿਰਾਂ ਪਿੱਛੋਂ ਰੱਬ ਕੁਦਰਤ ਦੇ ਠੰਢੇ ਮਿੱਠੇ ਸੁਨੇਹੇ ਘੱਲ ਰਿਹਾ ਹੋਵੇ ਅੱਜ ਦੀ ਧੁੱਪਾਂ ਅਤੇ ਵਿੱਚੇ ਵਿੱਚੇ ਉਡਦੀ ਮਿੱਟੀ ਨਵੀਂ ਜੀ ਪ੍ਰਤੀਤ ਹੋ ਰਹੀ ਸੀ। ਘਰ ਦੇ ਚਾਰੇ ਪਾਸੇ ਵੇਖਦੀ ਤਾਂ ਡਰਾਉਣੇ ਜਿਹੇ ਮਹਿਸੂਸ ਹੁੰਦੇ ਦਰੱਖਤ ਅੱਜ ਹੱਸਦੇ ਗਾਉਂਦੇ ਨਜ਼ਰ ਆ ਰਹੇ ਸੀ ਪੱਤਿਆ ਦੀ ਅਵਾਜ ਬੱਚਿਆਂ ਦੀ ਕਿਲਕਾਰੀਆਂ ਵਾਂਗ ਪ੍ਰਤੀਤ ਹੋ ਰਹੀ ਸੀ। ਕੱਲ੍ਹ ਤੱਕ ਏਦਾਂ ਦਾ ਕੁੱਝ ਨਹੀਂ ਸੀ ਕੱਲ੍ਹ ਤੋਂ ਪਹਿਲਾਂ ਸਭ ਕੁੱਝ ਝੂਠ ,ਗਲਤ ਅਤੇ ਮਾੜਾ ਹੀ ਨਜ਼ਰ ਆ ਰਿਹਾ ਸੀ । ਕੱਲ੍ਹ ਵਾਪਰੀ ਇੱਕ ਘਟਨਾ ਜਿਉਂ ਵੱਡਾ ਬਦਲਾਅ ਲੈ ਕੇ ਆਈ ਸੀ । ਗੱਲ ਸਿੱਖਣ ਦੀ ਸੀ ਤੇ ਜੀਹਨੇ ਇਹ ਜਾਂਚ ਸਿੱਖ ਲਈ ਫੇਰ ਸਭ ਵਹਿਮ ਭਰਮ ਦੂਰ ਹੋ ਜਾਂਦੇ ਹਨ । ਜਿਵੇਂ ਅਸੀਂ ਅਕਸਰ ਕਿਤੇ ਨਾ ਕਿਤੇ ਜਾਂਦੇ ਰਹਿੰਦੇ ਹਾਂ ਕਿਸੇ ਮੰਦਰ ,ਗੁਰਦੁਆਰੇ, ਡੇਰੇ ਜਾਂ ਪੀਰਾਂ ਫਕੀਰਾਂ ਦੇ ਅਤੇ ਸਾਡੀਆਂ ਆਸਾਂ ਉਮੀਦਾਂ ਹੁੰਦੀਆ ਨੇ ਕਿ .ਫਲ ਲੱਗ ਜਾਵੇ ਸਾਡੇ ਭਾਗਾਂ ਨੂੰ, ਕਰਮਾਂ ਨੂੰ ਕੋਈ ਵੀ ਅਸਥਾਨ ਹੋਵੇ ਅਸੀਂ ਬਹੁਤ ਕਾਹਲ ਚੁੱਕਦੇ ਹਾਂ ਸਾਡੇ ਅੰਦਰਲੇ ਸਬਰ, ਨਿਮਰਤਾ ਵਿੱਚ ਵਾਧਾ ਕਰਨ ਦੀ ਵਜਾਏ ਅਸੀਂ ਸਾਡੀ ਕਾਹਲ ,ਉਤਸੁਕਤਾ, ਪ੍ਰਸ਼ਨਾਵਲੀ ਅਤੇ ਸ਼ੱਕਾਂ ਨੂੰ ਜਨਮ ਦੇਣ ਲੱਗ ਜਾਂਦੇ ਹਾਂ ਅਤੇ ਮੈਂ ਕੱਲ ਦੇ ਦਿਨ ਇਹੀ ਇਕ ਅਨਮੋਲ ਖਜ਼ਾਨਾ ਲੱਭ ਲਿਆ ਸੀ ਕਿ ਸਬਰ ਬਹੁਤ ਵੱਡੀ ਚੀਜ਼ ਹੈ ਇਹ ਸਿਖਤ ਮੈਨੂੰ ਕੁਦਰਤ ਵਿੱਚੋਂ ਹੀ ਲੱਭੀ । ਕੁਦਰਤ ਤੇ ਰੱਬ ਇਹ ਦੋਨੋਂ ਵਿਸ਼ੇ ਅਲੱਗ ਨਹੀਂ ਹੋ ਸਕਦੇ । ਜੇ ਤੁਸੀ ਕੁਦਰਤ ਦੇ ਆਸ ਪਾਸ ਰਹਿੰਦੇ ਹੋ ਤਾਂ ਰੱਬ ਵੀ ਨੇੜੇ ਨੇੜੇ ਹੀ ਮਹਿਸੂਸ ਹੁੰਦਾ ਹੈ ।ਅੱਜ ਕੁਦਰਤ ਮੈਨੂੰ ਇਉਂ ਪ੍ਰਤੀਤ ਹੋ ਰਹੀ ਸੀ ਜਿਵੇਂ ਮੇਰੇ ਕੋਲ ਬਹਿ ਕੇ ਗੱਲਾਂ ਸੁਣ ਰਹੀ ਹੋਵੇ ਆਪਣੀ ਬੁੱਕਲ ਵਿਚੋਂ ਸ਼ਬਦ ਕੱਢ ਕੱਢ ਕੇ ਮੇਰੇ ਲਈ ਚਿਣ ਰਹੀ ਹੋਵੇ । ਰੱਬ ਸਾਡੇ ਆਪਣੇ ਵਿਸ਼ਵਾਸ ਦਾ ਵਿਸ਼ਾ ਹੁੰਦਾ ਹੈ । ਮੌਜੂਦਾ ਚੀਜ਼ਾਂ ਰਿਸ਼ਤਿਆ ਦੇ ਲਈ ਸ਼ੁਕਰਗੁਜ਼ਾਰ ਹੋ ਕੇ ਹੀ ਆਪਣੀਆਂ ਆਸਾਂ ਉਮੀਦਾ ਦੇ ਪੂਰ ਚੜਨ ਦੇ ਰਾਹ ਨੂੰ ਹੋਰ ਸੁਖਾਲਾ ਕੀਤਾ ਜਾ ਸਕਦੈ। ਕੁਦਰਤ ਵਿੱਚ ਲੁਕੀਆਂ ਪਈਆਂ ਇਹ ਗੱਲਾਂ ਸਾਨੂੰ ਖੁਦ ਲੱਭਣੀਆਂ ਪੈਂਦੀਆਂ ਹਨ। ਆਪਣੇ ਕੰਮ-ਕਾਰ, ਕਿੱਤੇ ਨਾਲ ਪਿਆਰ ਪੈ ਜਾਣ ਤੇ ਹੀ ਸਭ ਸੁਖਾਲਾ ਜਿਹਾ ਮਹਿਸੂਸ ਹੁੰਦਾ ਹੈ । ਇਹ ਭਾਰ ਸੋਚਾਂ- ਟੈਂਨਸ਼ਨਾ ਇਹ ਸਭ ਤਾਂ ਦਿਮਾਗ ਦੀ ਹੀ ਉਪਜ਼ ਹੁੰਦੀਆਂ ਹਨ। ਜਦੋਂ ਅਸੀਂ ਇਹਨਾਂ ਗੱਲਾਂ ਨੂੰ ਆਪਣੇ ਤੇ ਹਾਵੀ ਹੋਣ ਦਿੰਦੇ ਹਾਂ ਤਾਂ ਫਿਰ ਇਹ ਵੱਧਦੇ ਵੱਧਦੇ ਅਸਲ ਦਾ ਰੂਪ ਧਾਰਨ ਕਰਨ ਲੱਗ ਪੈਂਦੀਆਂ ਹਨ। ਸਾਡਾ ਦਿਮਾਗ ਉਸ ਰੱਬ ਦਾ ਵਾਸ ਹੈ । ਇਹਨੂੰ ਸਾਫ ਸੁਥਰਾ ਰੱਖਦਿਆ ਕੁਦਰਤ ਨਾਲ ਸਾਂਝ ਬਣਾਉਂਦਿਆਂ ਹੀ ਜਿੰਦਗੀਆਂ ਸੰਵਰਦੀਆ ਹੁੰਦੀਆਂ ਨੇ ਤੇ ਇਸ ਸਭ ਨੂੰ ਸਮਾਂ ਤੇ ਚਾਹੀਦਾ ਹੀ ਹੁੰਦਾ ਹੈ। ਕਦੇ ਕਦੇ ਪਲ ਦੋ ਪਲ ਇਕਾਂਤ ਵਿੱਚ ਬੈਠਦਿਆਂ ਆਪਣੇ ਮਨ ਨੂੰ ਫਰੋਲਦਿਆਂ ਸਭ ਕੁਝ ਲੱਭਿਆ ਜਾ ਸਕਦਾ ਹੈ ।ਇਹ ਹਾਸੇ ਖੁਸ਼ੀਆਂ ਵਿਸ਼ਵਾਸ ਸਭ ਅੰਦਰ ਹੀ ਹੁੰਦੇ ਹਨ ਇਹ ਬਾਹਰ ਦੇ ਵਿਸ਼ੇ ਨਹੀਂ। ਮਹਿਸੂਸ ਕਰਨ ਤੇ ਪਤਾ ਲੱਗਦੈ ਹਰ ਚੀਜ਼ ਵਿੱਚ ਕਿੰਨਾ ਸੁਹੱਪਣ ਹੈ , ਬਣਾਉਣ ਵਾਲੇ ਨੇ ਕਿਦਾਂ ਰੰਗ ਭਰੇ ਹੋਣੇ ਨੇ, ਉਹ ਆਪ ਕਿੰਨਾ ਸੋਹਣਾ ਹੋਣਾ, ਜਿਹਨੇ ਇੰਨੀ ਸੋਹਣੀ ਧਰਤ ਬਣਾਈ , ਇਹ ਪੱਤੇ , ਫੁੱਲ, ਟਹਿਣੀਆਂ,ਪੱਥਰ, ਪਾਣੀ ,ਤਪਸ਼ ,ਮੀਂਹ ,ਬੱਦਲ ਸਭ ਅਚੰਭਿਤ ਜਿਹੇ ਕਰਦੇ ਰਹਿੰਦੇ ਨੇ ਤੇ ਦਿਲ ਵਿੱਚ ਆਉਂਦਾ ਰਹਿੰਦਾ ਹੈ ਕਿ" ਰੰਗ ਚੁਣ ਚੁਣ ਕਿ ਸਜਾਉਣ ਵਾਲਿਆ ਮੈਂ ਵਾਰੀ ਵਾਰੀ ਆਂ, ਤੇਰੇ ਤੋਂ ਕੁਦਰਤ ਬਣਾਉਣ ਵਾਲਿਆ ,ਮੈਂ ਵਾਰੀ ਵਾਰੀ ਆਂ, ਤੇਰੇ ਤੋਂ ਕੁਦਰਤ ਬਣਾਉਣ ਵਾਲਿਆ"

**ਗੁਰਜੀਤ ਕੌਰ ਬਡਾਲੀ 9814168716**

# ਅੱਜ ਮਨੁੱਖ ਕਾਹਲ ਵਿੱਚ ਕਿਉਂ ਹੈ?

ਬਰਜਿੰਦਰ ਕੌਰ ਬਿਸਰਾਓ
99889-01324

ਅੱਜ ਦਾ ਮਨੁੱਖ ਜਿਵੇਂ ਕਿਸੇ ਅਣਦਿੱਖੀ ਦੌੜ ਵਿੱਚ ਭੱਜਿਆ ਜਾ ਰਿਹਾ ਹੈ। ਉਸ ਕੋਲ ਸਮਾਂ ਘੱਟ ਹੈ, ਇੱਛਾਵਾਂ ਬਹੁਤ ਹਨ ਅਤੇ ਮਨ ਨੂੰ ਟਿਕਾਉਣ ਦੀ ਫ਼ੁਰਸਤ ਤਾਂ ਜਿਵੇਂ ਖ਼ਤਮ ਹੀ ਹੋ ਗਈ ਹੈ। ਸਵੇਰ ਤੋਂ ਸ਼ਾਮ ਤੱਕ ਉਹ ਕੁਝ ਹਾਸਲ ਕਰਨ ਦੀ ਕਾਹਲ ? ਵਿੱਚ ਨਿਰੰਤਰ ਲੱਗਾ ਹੀ ਰਹਿੰਦਾ ਹੈ, ਪਰ ਇਹ ਪਤਾ ਨਹੀਂ ਕਿ ਆਖ਼ਰ ਉਹ ਕਿਸ ਮੰਜ਼ਿਲ ਵੱਲ ਜਾ ਰਿਹਾ ਹੈ। ਜ਼ਿੰਦਗੀ ਨੂੰ ਸੁਖੀ ਬਣਾਉਣ ਲਈ ਬਣਾਈਆਂ ਸੁੱਖ ਸਹੂਲਤਾਂ ਨੇ ਹੀ ਮਨੁੱਖ ਦੀ ਜ਼ਿੰਦਗੀ ਨੂੰ ਹੋਰ ਰੁਝੇਵਿਆਂ ਅਤੇ ਤਣਾਅ ਨਾਲ ਭਰ ਦਿੱਤਾ ਹੈ ਅੱਜ ਦੀ ਸਭ ਤੋਂ ਵੱਡੀ ਦੌੜ ਪਦਾਰਥਵਾਦ ਦੀ ਦੌੜ ਹੈ। ਵੱਡਾ ਘਰ, ਮਹਿੰਗੀ ਗੱਡੀ, ਵਧੀਆ ਕੱਪੜੇ, ਨਵਾਂ ਮੋਬਾਈਲ, ਵਿਦੇਸ਼ੀ ਸੈਰ-ਸਪਾਟਾ ਅਤੇ ਹਰ ਚੀਜ਼ ਵਿੱਚ ਆਪਣਾ ਰੁਤਬਾ ਦਿਖਾਉਣ ਦੀ ਲਾਲਸਾ ਮਨੁੱਖ ਨੂੰ ਅੰਦਰੋਂ ਬੇਚੈਨ ਕਰ ਰਹੀ ਹੈ। ਲੋੜ ਅਤੇ ਦਿਖਾਵੇ ਵਿਚਲਾ .ਫਰਕ ਹੌਲੀ-ਹੌਲੀ ਮਿਟਦਾ ਜਾ ਰਿਹਾ ਹੈ। ਹੁਣ ਕਈ ਵਾਰ ਚੀਜ਼ ਇਸ ਲਈ ਨਹੀਂ ਖਰੀਦੀ ਜਾਂਦੀ ਕਿ ਉਸ ਨੂੰ ਉਸ ਦੀ ਲੋੜ ਹੈ, ਸਗੋਂ ਇਸ ਲਈ ਖ਼ਰੀਦੀ ਜਾਂਦੀ ਹੈ ਕਿ ਦੂਜੇ ਕੋਲ ? ਉਹ ਚੀਜ਼ ਹੈ।

ਦਿਖਾਵੇ ਦੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਅੱਜ ਦੇ ਮਨੁੱਖ ਆਪਣਾ ਮਾਨਸਿਕ ਸੰਤੁਲਨ ਵੀ ਵਿਗਾੜ ਰਿਹਾ ਹੈ। ਸੋਸ਼ਲ ਮੀਡੀਆ ਨੇ ਇਸ ਦੌੜ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਕਿਸੇ ਦੀ ਨਵੀਂ ਗੱਡੀ, ਕਿਸੇ ਦਾ ਵੱਡਾ ਘਰ, ਕਿਸੇ ਦਾ ਸੈਰ ਸਪਾਟਾ ਜਾਂ ਵਿਦੇਸ਼ ਯਾਤਰਾ, ਕਿਸੇ ਦੀ ਕਾਮਯਾਬੀ ਜਾਂ ਖ਼ੁਸ਼ਹਾਲ ਤਸਵੀਰਾਂ ਦੇਖ ਕੇ ਮਨੁੱਖ ਆਪਣੀਆਂ ਪ੍ਰਾਪਤੀਆਂ ਨੂੰ ਬਹੁਤ ਘੱਟ ਸਮਝਣ ਲੱਗ ਪੈਂਦਾ ਹੈ। ਉਹ ਇਹ ਭੁੱਲ ਜਾਂਦਾ ਹੈ ਕਿ ਉਸ ਨੇ ਜੋ ਤਸਵੀਰ ਦੇਖੀ ਹੈ, ਉਹ ਕਿਸੇ ਦੀ ਪੂਰੀ ਜ਼ਿੰਦਗੀ ਨਹੀਂ ਹੋ ਸਕਦੀ, ਉਹ ਤਾਂ ਸਿਰ.ਫ ਉਸ ਦਾ ਚੁਣਿਆ ਹੋਇਆ ਇੱਕ ਪਲ ਹੁੰਦਾ ਹੈ। ਸਭ ਤੋਂ ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਮਨੁੱਖ ਆਪਣੀਆਂ ਪ੍ਰਾਪਤੀਆਂ ਨਾਲ ਸੰਤੁਸ਼ਟ ਹੋਣ ਦੀ ਬਜਾਏ ਦੂਜੇ ਦੀ ਸ.ਫਲਤਾ ਨੂੰ ਆਪਣੀ ਅਸ.ਫਲਤਾ ਦਾ ਪੈਮਾਨਾ ਬਣਾ ਲੈਂਦਾ ਹੈ। ਕੱਲ੍ਹ ਤੱਕ ਜਿਸ ਚੀਜ਼ ਨੂੰ ਪ੍ਰਾਪਤ ਕਰ ਕੇ ਉਹ ਖ਼ੁਸ਼ ਸੀ, ਅੱਜ ਉਹੀ ਚੀਜ਼ ਉਸ ਨੂੰ ਛੋਟੀ ਲੱਗਣ ਲੱਗਦੀ ਹੈ, ਕਿਉਂਕਿ ਕਿਸੇ ਹੋਰ ਕੋਲ ਉਸ ਤੋਂ ਵੱਧ ਹੈ। ਇਸ ਤਰ੍ਹਾਂ ਖ਼ੁਸ਼ੀ ਦੀ ਮੰਜ਼ਿਲ ਅੱਗੇ ਹੀ ਅੱਗੇ ਖਿਸਕਦੀ ਜਾਂਦੀ ਹੈ। ਮਨੁੱਖ ਕੋਲ ਬਹੁਤ ਕੁਝ ਹੋਣ ਦੇ ਬਾਵਜੂਦ ਉਹ ਮਨ ਦੇ ਅੰਦਰੋਂ ਖ਼ਾਲੀ ਖ਼ਾਲੀ ਮਹਿਸੂਸ ਕਰਨ ਲੱਗਦਾ ਹੈ। ਇਸ ਦੌੜ ਵਿੱਚ ਸਭ ਤੋਂ ਵੱਡਾ ਨੁਕਸਾਨ ਸਮੇਂ ਅਤੇ ਰਿਸ਼ਤਿਆਂ ਦਾ ਹੋ ਰਿਹਾ ਹੈ। ਅੱਜ ਮਨੁੱਖ ਕੋਲ ? ਪੈਸਾ ਕਮਾਉਣ ਦੀ ਕਾਹਲ ? ਵਿੱਚ ਪਰਿਵਾਰ ਲਈ ਸਮਾਂ ਨਹੀਂ, ਬੱਚਿਆਂ ਨਾਲ ਬੈਠ ਕੇ ਗੱਲ ਕਰਨ ਦੀ ਫ਼ੁਰਸਤ ਨਹੀਂ ਹੈ, ਬਜ਼ੁਰਗਾਂ ਕੋਲ ਬੈਠ ਕੇ ਉਨ੍ਹਾਂ ਦੀ ਗੱਲ ਸੁਣਨ ਦਾ ਸਬਰ ਨਹੀਂ ਹੈ। ਇੱਕੋ ਘਰ ਵਿੱਚ ਰਹਿੰਦੇ ਲੋਕ ਵੀ ਕਈ ਵਾਰ ਆਪਣੇ-ਆਪਣੇ ਮੋਬਾਈਲਾਂ ਵਿੱਚ ਗੁਆਚੇ ਹੋਏ ਹਨ। ਮਨੁੱਖ ਦੁਨੀਆ ਨਾਲ ਜੁੜਨ ਲਈ ਟੈਕਨਾਲੋਜੀ ਤਾਂ ਵਰਤ ਰਿਹਾ ਹੈ, ਪਰ ਆਪਣੇ ਹੀ ਲੋਕਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਜੇ ਦੇਖੀਏ ਤਾਂ ਅੱਜ ਦੇ ਮਨੁੱਖ ਦੀ ਕਾਹਲ ? ਸਿਰ.ਫ ਪੈਰਾਂ ਵਿੱਚ ਨਹੀਂ ਸਗੋਂ ਮਨ ਵਿੱਚ ਵੀ ਬਹੁਤ ਕਾਹਲ ? ਹੈ। ਜਦੋਂ ਮਨ ਹਰ ਵੇਲ ? ਅਗਲੀ ਪ੍ਰਾਪਤੀ, ਅਗਲੀ ਖ਼ਰੀਦਦਾਰੀ, ਅਗਲੀ ਤੁਲਨਾ ਅਤੇ ਅਗਲੀ ਸ.ਫਲਤਾ ਬਾਰੇ ਸੋਚਦਾ ਰਹੇ ਤਾਂ ਵਰਤਮਾਨ ਦੀ ਖ਼ੁਸ਼ੀ ਕਿੱਥੋਂ ਮਿਲੇਗੀ ? ਮਨੁੱਖ ਅੱਜ ਨੂੰ ਜੀਉਣ ਦੀ ਬਜਾਏ ਕੱਲ੍ਹ ਲਈ ਦੌੜਦਾ ਰਹਿੰਦਾ ਹੈ ਅਤੇ ਜਦੋਂ ਕੱਲ੍ਹ ਆਉਂਦਾ ਹੈ ਤਾਂ ਉਹ ਫਿਰ ਅਗਲੇ ਕੱਲ੍ਹ ਵੱਲ ਦੌੜ ਪੈਂਦਾ ਹੈ। ਅਸਲ ਵਿੱਚ ਜ਼ਿੰਦਗੀ ਕੋਈ ਮੁਕਾਬਲਾ ਨਹੀਂ ਹੈ ਕਿ ਹਰ ਵੇਲ ? ਕਿਸੇ ਤੋਂ ਅੱਗੇ ਨਿਕਲਣ ਨੂੰ ਹੀ ਸ.ਫਲਤਾ ਮੰਨ ਲਿਆ ਜਾਵੇ। ਸਫਲਤਾ ਦਾ ਅਸਲ ਮਾਪ ਇਹ ਵੀ ਹੈ ਕਿ ਮਨੁੱਖ ਕੋਲ ਜੋ ਕੁਝ ਵੀ ਹੈ, ਉਸ ਵਿੱਚ ਕਿੰਨਾ ਸੁਖੀ ਅਤੇ ਸੰਤੁਸ਼ਟ ਹੈ। ਆਪਣੀ ਮਿਹਨਤ ਕਰਨੀ, ਤਰੱਕੀ ਦੀ ਕੋਸ਼ਿਸ਼ ਕਰਨੀ ਅਤੇ ਸੁਪਨੇ ਦੇਖਣੇ ਬਿਲਕੁਲ ਚੰਗੀ ਗੱਲ ਹੈ, ਪਰ ਦੂਜਿਆਂ ਨਾਲ ਤੁਲਨਾ ਕਰਕੇ ਆਪਣੇ ਮਨ ਦੀ ਸ਼ਾਂਤੀ ਗੁਆ ਦੇਣਾ ਸਮਝਦਾਰੀ ਨਹੀਂ ਹੈ। ਹਰ ਮਨੁੱਖ ਨੂੰ ਆਪਣੀ ਦੌੜ ਦੀ ਦਿਸ਼ਾ ਬਾਰੇ ਸੋਚਣ ਦੀ ਲੋੜ ਹੈ ।ਦੌੜਨਾ ਦੂਜਿਆਂ ਨੂੰ ਪਛਾੜਨ ਲਈ ਨਹੀਂ ਬਲਕਿ ਆਪਣੀ ਦੌੜ ਨੂੰ ਆਪਣੇ ਕੱਲ੍ਹ ਨਾਲੋਂ ਬਿਹਤਰ ਬਣਾਉਣ ਲਈ ਸੋਚਿਆ ਜਾਵੇ। ਦਿਖਾਵੇ ਦੀ ਥਾਂ ਸਾਦਗੀ ਨੂੰ, ਤੁਲਨਾ ਦੀ ਥਾਂ ਸੰਤੁਸ਼ਟੀ ਨੂੰ ਅਤੇ ਕਾਹਲ ? ਦੀ ਥਾਂ ਸੰਤੁਲਨ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਬਾਰੇ ਸੋਚਿਆ ਜਾਵੇ ਕਿਉਂਕਿ ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਨਹੀਂ ਕਿ ਲੋਕ ਸਾਡੇ ਕੋਲ ਕੀ ਕੁਝ ਦੇਖਦੇ ਹਨ, ਸਗੋਂ ਇਹ ਹੈ ਕਿ ਰਾਤ ਨੂੰ ਸਿਰ ਸਿਰਹਾਣੇ 'ਤੇ ਰੱਖਣ ਵੇਲੇ ਸਾਡਾ ਮਨ ਕਿੰਨਾ ਸ਼ਾਂਤ ਹੈ।



ਫ਼ੁਰਸਤ ਦੇ ਪਲਾਂ ਵਿੱਚ ਬੈਠ ਕੇ ਮਨੁੱਖ ਨੂੰ ਆਪਣੀਆਂ ਪ੍ਰਾਪਤੀਆਂ ਦਾ ਵੀ ਆਨੰਦ ਮਾਣਨਾ ਸਿੱਖਣਾ ਚਾਹੀਦਾ ਹੈ। ਜ਼ਿੰਦਗੀ ਵਿੱਚ ਜੋ ਕੁਝ ਉਸ ਨੇ ਆਪਣੀ ਮਿਹਨਤ, ਲਗਨ ਅਤੇ ਸੰਘਰਸ਼ ਨਾਲ ਹਾਸਲ ਕੀਤਾ ਹੈ, ਉਸ ਨੂੰ ਛੋਟਾ ਸਮਝ ਕੇ ਹਮੇਸ਼ਾ ਅਗਲੀ ਪੌੜੀ ਵੱਲ ਭੱਜਦੇ ਰਹਿਣਾ ਵੀ ਆਪਣੇ ਨਾਲ ਬੇਇਨਸਾਫ਼ੀ ਹੈ। ਕਦੇ ਰੁਕ ਕੇ ਪਿੱਛੇ ਮੁੜ ਕੇ ਵੇਖਣਾ ਚਾਹੀਦਾ ਹੈ ਕਿ ਅਸੀਂ ਕਿੱਥੋਂ ਚੱਲੇ ਸੀ ਅਤੇ ਅੱਜ ਕਿੱਥੇ ਤੱਕ ਪਹੁੰਚੇ ਹਾਂ। ਆਪਣੀਆਂ ਛੋਟੀਆਂ-ਵੱਡੀਆਂ ਕਾਮਯਾਬੀਆਂ ਨੂੰ ਮਾਣਨਾ, ਪਰਿਵਾਰ ਨਾਲ ਖ਼ੁਸ਼ੀ ਸਾਂਝੀ ਕਰਨਾ ਅਤੇ ਆਪਣੇ ਮਨ ਨੂੰ ਇਹ ਕਹਿਣਾ ਕਿ "ਜੋ ਮੇਰੇ ਕੋਲ ਹੈ, ਉਹ ਵੀ ਆਪਣੀ ਮਿਹਨਤ ਦਾ ਫ਼ਲ ਹੈ, ਇਹ ਗੱਲ ਮਨ ਨੂੰ ਵੱਡੀ ਤਸੱਲੀ ਦਿੰਦੀ ਹੈ। ਜ਼ਿੰਦਗੀ ਨੂੰ ਸੁਖਾਲ ?ਾ ਬਣਾਉਣ ਲਈ ਹਰ ਚੀਜ਼ ਨੂੰ ਹਾਸਲ ਕਰਨਾ ਜ਼ਰੂਰੀ ਨਹੀਂ, ਸਗੋਂ ਜੋ ਹਾਸਲ ਹੈ ਉਸ ਨੂੰ ਖ਼ੁਸ਼ੀ ਨਾਲ ਜੀਊਣਾ ਜ਼ਰੂਰੀ ਹੈ। ਦੂਜਿਆਂ ਦੀਆਂ ਪ੍ਰਾਪਤੀਆਂ ਦੇਖ ਕੇ ਆਪਣੇ ਸੁਖ ਨੂੰ ਘੱਟ ਨਾ ਸਮਝੀਏ। ਆਪਣੀ ਸਮਰੱਥਾ ਅਨੁਸਾਰ ਮਿਹਨਤ ਕਰੀਏ, ਲੋੜਾਂ ਅਤੇ ਇੱਛਾਵਾਂ ਵਿੱਚ .ਫਰਕ ਸਮਝੀਏ । ਲੋੜਾਂ ਨੂੰ ਪੂਰਾ ਕਰਨ ਦਾ ਯਤਨ ਕਰੀਏ ਨਾ ਕਿ ਉਨ੍ਹਾਂ ਨੂੰ ਇੱਛਾ ਪੂਰਤੀ ਦਾ ਸਾਧਨ ਬਣਾ ਕੇ ਮਨ ਉੱਤੇ ਬੋਝ ਪਾਈਏ। ਹਰ ਪਲ ਨੂੰ ਬੋਝ ਬਣਾਉਣ ਦੀ ਥਾਂ ਉਸ ਦਾ ਆਨੰਦ ਮਾਨਣਾ ਆਪਣੇ ਆਪ ਨਾਲ ? ਨਿਆਂ ਹੋ ਸਕਦਾ ਹੈ। ਜ਼ਿੰਦਗੀ ਸਿਰ.ਫ ਹੋਰ ਕੁਝ ਹਾਸਲ ਕਰਨ ਦਾ ਨਾਮ ਨਹੀਂ, ਜੋ ਮਿਲਿਆ ਹੈ ਉਸ ਵਿੱਚ ਖ਼ੁਸ਼ ਰਹਿਣ ਦੀ ਕਲਾ ਵੀ ਜ਼ਿੰਦਗੀ ਦਾ ਵੱਡਾ ਸੁਖ ਹੈ। ਕਾਹਲ ?ੀ ਖ਼ੁਸ਼ ਰਹਿਣ ਦਾ ਕੋਈ ਪੈਮਾਨਾ ਨਹੀਂ ਹੁੰਦੀ। ਮਨੁੱਖ ਜਿੰਨਾ ਮਰਜ਼ੀ ਹਾਸਲ ਕਰ ਲਵੇ, ਜੇ ਉਹ ਹਰ ਵੇਲੇ ਕਿਸੇ ਹੋਰ ਤੋਂ ਅੱਗੇ ਨਿਕਲਣ ਦੀ ਦੌੜ ਵਿੱਚ ਰਹੇਗਾ ਤਾਂ ਉਸ ਨੂੰ ਅਸਲ ਖ਼ੁਸ਼ੀ ਕਦੇ ਨਹੀਂ ਮਿਲ ਸਕੇਗੀ । ਖ਼ੁਸ਼ੀ ਤਾਂ ਉਸ ਵੇਲੇ ਮਿਲਦੀ ਹੈ ਜਦੋਂ ਮਨੁੱਖ ਆਪਣੀਆਂ ਪ੍ਰਾਪਤੀਆਂ ਨੂੰ ਮਾਣਦਾ ਹੈ, ਆਪਣੇ ਵਰਤਮਾਨ ਨੂੰ ਸਵੀਕਾਰਦਾ ਹੈ ਅਤੇ ਬੀਤੇ ਕੱਲ੍ਹ ਤੋਂ ਬਿਨਾਂ ਕਿਸੇ ਵਿਅਕਤੀ ਨਾਲ ਤੁਲਨਾ ਨਾ ਕਰਕੇ ਆਪਣੀ ਜ਼ਿੰਦਗੀ ਨੂੰ ਆਪਣੀ ਸਮਰੱਥਾ ਅਨੁਸਾਰ ਜੀਉਂਦਾ ਹੈ। ਹਰ ਵੇਲੇ ਅੱਗੇ ਭੱਜਣ ਦੀ ਕਾਹਲ ਨਹੀਂ, ਸਗੋਂ ਕਦੇ ਰੁਕ ਕੇ ਆਪਣੇ ਕੋਲ ਮੌਜੂਦ ਸੁਖ ਨੂੰ ਮਹਿਸੂਸ ਕਰਨਾ ਹੀ ਅਸਲ ਖ਼ੁਸ਼ੀ ਦਾ ਪੈਮਾਨਾ ਹੈ । ਦੂਜਿਆਂ ਦੀ ਰ.ਫਤਾਰ ਨੂੰ ਦੇਖ਼ ਕੇ ਆਪਣੀ ਚਾਲ ਨਾ ਬਦਲੋ। ਕਿਸੇ ਦੀ ਮੰਜ਼ਿਲ ਵੱਡੀ ਹੋ ਸਕਦੀ ਹੈ ਤੇ ਕਿਸੇ ਦੀ ਛੋਟੀ ਯਾਦ ਰੱਖੋ ਕਿ ਹਰ ਮਨੁੱਖ ਦੀ ਯਾਤਰਾ ਵੱਖਰੀ ਹੈ। ਆਪਣੇ ਕੱਲ੍ਹ ਨਾਲੋਂ ਅੱਜ ਨੂੰ ਬਿਹਤਰ ਬਣਾਉਣਾ ਹੀ ਅਸਲ ਜਿੱਤ ਹੈ। ਆਪਣੀਆਂ ਪ੍ਰਾਪਤੀਆਂ ਦਾ ਆਨੰਦ ਮਾਣੋ, ਆਪਣੀ ਮਿਹਨਤ ਦੀ ਕਦਰ ਕਰੋ ਅਤੇ ਜ਼ਿੰਦਗੀ ਨੂੰ ਹਰ ਵੇਲੇ ਅੱਗੇ ਨਿਕਲਣ ਦੀ ਕਾਹਲੀ ਦੀ ਬਜਾਏ ਸਹਿਜਤਾ ਨਾਲ ? ਆਪਣੀ ਜ਼ਿੰਦਗੀ ਦੇ ਟੀਚੇ ਮਿੱਥ ਕੇ ਉਸ ਨੂੰ ਸੁਖਾਲੇ ਢੰਗ ਨਾਲ ਜੀਓ।

# ਠੁਮਰੀ, ਦਾਦਰਾ ਅਤੇ .ਗਜ਼ਲ ਦੀ ਤ੍ਰਿਬੈਣੀ : ਬੇ.ਗਮ ਅ.ਖ਼ਤਰ



ਬੇ.ਗਮ ਅਖ਼ਤਰ ਭਾਰਤੀ ਸੰਗੀਤ ਵਿੱਚ ਇੱਕ ਯਾਦਗਾਰੀ ਨਾਂ ਹੈ। ਉਹਦਾ ਅਸਲ ਨਾਂ ਅਖ਼ਤਰੀ ਬਾਈ ਫ਼ੈਜ਼ਾਬਾਦੀ ਸੀ। 7 ਅਕਤੂਬਰ 1914 ਨੂੰ ਫ਼ੈਜ਼ਾਬਾਦ (ਉੱਤਰਪ੍ਰਦੇਸ਼) ਵਿੱਚ ਜਨਮੀ ਬੇ.ਗਮ ਸੰਗੀਤ ਜਗਤ ਵਿੱਚ 'ਮੱਲਿਕਾ-ਏ-.ਗਜ਼ਲ' ਦੇ ਨਾਂ ਨਾਲ ਵਿਖਿਆਤ ਹੈ। ਉਹਦੀਆਂ ਠੁਮਰੀ ਅਤੇ ਦਾਦਰਾ ਦੀਆਂ ਪੇਸ਼ਕਾਰੀਆਂ ਵੀ ਉਨੀਆਂ ਹੀ ਅਦੁੱਤੀ ਅਤੇ ਲੋਕਪ੍ਰਿਯ ਹਨ। ਉਹਦੀ ਗਾਇਕੀ ਵਿੱਚ ਪੂਰਬ ਅੰਗ ਦੀ ਠੁਮਰੀ ਦੀ ਮਿਠਾਸ, ਡੂੰਘੀ ਭਾਵਨਾ ਅਤੇ ਦਰਦ ਦਾ ਅਹਿਸਾਸ ਝਲਕਦਾ ਸੀ।

ਬੇ.ਗਮ ਦੀਆਂ ਪੇਸ਼ਕਾਰੀਆਂ ਅੱਜ ਵੀ ਕਲਾਸਿਕ ਮੰਨੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ 'ਹਮਰੀ ਅਟਰੀਆ ਪੇ ਆਓ ਸਾਂਵਰੀਆ', 'ਨਥਨੀਆ ਕਾਹੇ ਮਾਰੇ ਬੋਲ', 'ਅਬ ਕੇ ਸਾਵਨ ਘਰ ਆਜਾ', 'ਬਲਾਵਾ ਤੁਮ ਕਿਆ ਜਾਨੋ ਪ੍ਰੀਤ, ਜਬ ਸੇ ਸ਼ਿਆਮ ਸਿਧਾਰੇ' ਆਦਿ ਪ੍ਰਮੁੱਖ ਹਨ।

ਬੇ.ਗਮ ਨੂੰ ਬਚਪਨ ਤੋਂ ਹੀ ਸੰਗੀਤ ਵਿੱਚ ਰੁਚੀ ਸੀ। ਉਹ ਪਿਠਵਰਤੀ ਗਾਇਕਾ ਬਣਨਾ ਚਾਹੁੰਦੀ ਸੀ। ਪਰ ਉਸਦੇ ਪਰਿਵਾਰ ਵਾਲੇ ਇਸਦੇ ਵਿਰੁੱਧ ਸਨ। ਬੇ.ਗਮ ਦੇ ਚਾਚੇ ਨੇ ਉਹਦੇ ਸੰਗੀਤ ਪ੍ਰਤੀ ਲਗਾਓ ਨੂੰ ਪਹਿਚਾਣ ਲਿਆ ਅਤੇ ਉਹਨੂੰ ਇਸ ਰਸਤੇ ਤੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਬੇ.ਗਮ ਨੇ ਫ਼ੈਜ਼ਾਬਾਦ ਵਿੱਚ ਸਾਰੰਗੀ ਉਸਤਾਦ ਇਮਾਨ ਖਾਂ ਅਤੇ ਅਤਾ ਮੁਹੰਮਦ ਖਾਂ ਤੋਂ ਸੰਗੀਤ ਦੀ ਮੁੱਢਲੀ ਵਿਦਿਆ ਹਾਸਲ ਕੀਤੀ। ਇਨ੍ਹਾਂ ਤੋਂ ਬਿਨਾਂ ਉਹਨੇ ਮੁਹੰਮਦ ਖਾਨ ਅਤੇ ਅਬਦੁਲ ਵਹੀਦ ਖਾਂ ਤੋਂ ਭਾਰਤੀ ਸੰਗੀਤ ਸਿੱਖਿਆ।

'30 ਦੇ ਦਹਾਕੇ ਵਿੱਚ ਬੇ.ਗਮ ਪਾਰਸੀ ਥੀਏਟਰ ਨਾਲ ਜੁੜ ਗਈ ਤੇ 15 ਸਾਲ ਦੀ ਉਮਰ ਵਿੱਚ ਮੰਚ ਤੇ ਪਹਿਲੀ ਪੇਸ਼ਕਾਰੀ ਦਿੱਤੀ। ਨਾਟਕ ਵਿੱਚ ਕੰਮ ਕਰਨ ਕਰਕੇ ਉਹਦਾ ਰਿਆਜ਼ ਛੁੱਟ ਗਿਆ ਤੇ ਉਸਤਾਦ ਅਤਾ ਖਾਨ ਕਾਫ਼ੀ ਨਰਾਜ਼ ਹੋਏ। ਉਨ੍ਹਾਂ ਨੇ ਬੇ.ਗਮ ਨੂੰ ਨਾਟਕ ਛੱਡਣ ਲਈ ਵੀ ਕਿਹਾ। ਪਰ ਬੇ.ਗਮ ਦੇ ਕਹਿਣ ਤੇ ਜਦ ਉਹ ਉਹਦਾ ਨਾਟਕ 'ਤੁਰਕੀ ਹੂਰ' ਵੇਖਣ ਗਏ ਤੇ ਉੱਥੇ ਬੇ.ਗਮ ਦਾ ਗਾਣਾ 'ਚਲ ਰੀ ਮੋਰੀ ਨੱਈਆ' ਸੁਣਿਆ ਤਾਂ ਉਸਤਾਦ ਦੀਆਂ ਅੱਖਾਂ ਨਮ ਹੋ ਗਈਆਂ। ਨਾਟਕ ਦੀ ਸਮਾਪਤੀ ਪਿੱਛੋਂ ਉਸਤਾਦ ਨੇ ਬੇ.ਗਮ ਨੂੰ ਕਿਹਾ - ÷ਤੂੰ ਸੱਚੀ ਅਦਾਕਾਰਾ ਹੈਂ, ਜਦੋਂ ਤੱਕ ਚਾਹੇਂ ਨਾਟਕ ਵਿੱਚ ਕੰਮ ਕਰ ਸਕਦੀ ਹੈਂ।÷

ਨਾਟਕਾਂ ਵਿੱਚ ਮਿਲੀ ਸ਼ੁਹਰਤ ਪਿੱਛੋਂ ਬੇ.ਗਮ ਨੂੰ ਕਲਕੱਤੇ ਦੀ ਈਸਟ ਇੰਡੀਆ ਕੰਪਨੀ ਵਿੱਚ ਅਭਿਨੈ ਦਾ ਮੌਕਾ ਮਿਲਿਆ। ਬਤੌਰ ਅਭਿਨੇਤਰੀ ਉਹਨੇ 'ਏਕ ਦਿਨ ਕਾ ਬਾਦਸ਼ਾਹ' ਤੋਂ ਆਪਣੇ ਸਿਨੇਮਾ-ਸ.ਫਰ ਦੀ ਸ਼ੁਰੂਆਤ ਕੀਤੀ ਪਰ .ਫ ?ਲਮ ਦੀ ਅਸ.ਫਲਤਾ ਕਾਰਨ ਅਭਿਨੇਤਰੀ ਵਜੋਂ ਉਹਦੀ ਖਾਸ ਪਛਾਣ ਨਾ ਬਣ ਸਕੀ। 1933 ਵਿੱਚ ਈਸਟ ਇੰਡੀਆ ਦੇ ਬੈਨਰ ਹੇਠ ਬਣੀ .ਫ ?ਲਮ 'ਨਲ ਦਮਿਅੰਤੀ' ਦੀ ਸ.ਫਲਤਾ ਪਿੱਛੋਂ ਬੇ.ਗਮ ਬਤੌਰ ਅਭਿਨੇਤਰੀ ਆਪਣੀ ਕੁਝ ਪਛਾਣ ਬਣਾਉਣ ਵਿੱਚ ਸ.ਫਲ ਹੋ ਗਈ। ਇਸੇ ਦੌਰਾਨ ਉਹਨੇ 'ਅਮੀਨਾ'(1934), 'ਮੁਮਤਾਜ਼ ਬੇ.ਗਮ' (1934), 'ਰੂਪ ਕੁਮਾਰੀ' (1934), 'ਜਵਾਨੀ ਕਾ ਨਸ਼ਾ'(1935), 'ਨਸੀਬ ਕਾ ਚੱਕਰ'(1936) ਵਰਗੀਆਂ .ਫ ?ਲਮਾਂ ਵਿੱਚ ਅਭਿਨੈ ਕੀਤਾ।

ਕੁਝ ਸਮੇਂ ਪਿੱਛੋਂ ਉਹ ਲਖਨਊ ਚਲੀ ਗਈ, ਜਿੱਥੇ ਉਹਦੀ ਮੁਲਾਕਾਤ ਪ੍ਰਸਿੱਧ ਨਿਰਮਾਤਾ-ਨਿਰਦੇਸ਼ਕ ਮਹਿਬੂਬ ਖਾਨ ਨਾਲ ਹੋਈ। ਮਹਿਬੂਬ ਨੇ ਉਹਨੂੰ ਬੰਬਈ ਆਉਣ ਦਾ ਸੱਦਾ ਦਿੱਤਾ। 1942 ਵਿੱਚ ਮਹਿਬੂਬ ਖਾਨ ਦੀ .ਫ ?ਲਮ 'ਰੋਟੀ' ਵਿੱਚ ਬੇ.ਗਮ ਨੇ ਅਭਿਨੈ ਦੇ ਨਾਲ ਨਾਲ 6 ਗਾਣੇ ਵੀ ਗਾਏ। ਪਰ .ਫ ?ਲਮ ਨਿਰਮਾਣ ਦੌਰਾਨ ਸੰਗੀਤਕਾਰ ਅਨਿਲ ਬਿਸਵਾਸ ਤੇ ਮਹਿਬੂਬ ਦੀ ਅਣਬਣ ਹੋ ਗਈ। ਜਿਸ ਕਰਕੇ ਤਿੰਨ ਗਾਣੇ .ਫ ?ਲਮ ਚੋਂ ਹਟਾ ਦਿੱਤੇ। ਪਿੱਛੋਂ ਇਨ੍ਹਾਂ ਗਾਣਿਆਂ ਦੀ ਗ੍ਰਾਮੋ.ਫੋਨ ਡਿਸਕ ਜਾਰੀ ਕੀਤੀ ਗਈ। ਕੁਝ ਦਿਨਾਂ ਪਿੱਛੋਂ ਬੇ.ਗਮ ਬੰਬਈ ਦੀ ਚਕਾਚੌਂਧ ਤੋਂ ਉਕਤਾ ਕੇ ਲਖਨਊ ਵਾਪਸ ਆ ਗਈ।

1945 ਵਿੱਚ ਜਦੋਂ ਉਹਦੀ ਪ੍ਰਸਿੱਧੀ ਸਿਖਰਾਂ ਤੇ ਸੀ ਤਾਂ ਉਹਨੇ ਇਸ਼ਤਿਆਕ ਅਹਿਮਦ ਅੱਬਾਸੀ, ਜੋ ਪੇਸ਼ੇ ਤੋਂ ਵਕੀਲ ਸਨ, ਨਾਲ ਨਿਕਾਹ ਕਰ ਲਿਆ ਅਤੇ ਅਖ਼ਤਰੀ ਬਾਈ ਤੋਂ ਬੇ.ਗਮ ਅਖ਼ਤਰ ਬਣ ਗਈ। ਉਹਨੇ ਗਾਇਕੀ ਛੱਡ ਦਿੱਤੀ ਅਤੇ ਪਰਦੇ ਵਿੱਚ ਰਹਿਣ ਲੱਗੀ। ਬਹੁਤ ਸਾਰੇ ਲੋਕਾਂ ਨੇ ਉਹਦੇ ਇਨ੍ਹਾਂ ਕੰਮਾਂ ਲਈ ਨੁਕਤਾਚੀਨੀ ਵੀ ਕੀਤੀ। ਪੰਜ ਸਾਲ ਤੱਕ ਉਹਨੇ ਬਾਹਰੀ ਦੁਨੀਆਂ ਨਾਲੋਂ ਨਾਤਾ ਤੋੜੀ ਰੱਖਿਆ। ਉਹ ਬੀਮਾਰ ਰਹਿਣ ਲੱਗੀ ਤਾਂ ਡਾਕਟਰਾਂ ਨੇ ਸਲਾਹ ਦਿੱਤੀ ਕਿ ਉਹ ਗਾਇਕੀ ਸ਼ੁਰੂ ਕਰ ਦੇਵੇ। 1949 ਵਿੱਚ ਪਤੀ ਦੇ ਕਹਿਣ ਤੇ ਉਹ ਫਿਰ ਤੋਂ ਗਾਇਕੀ ਵੱਲ ਪਰਤੀ ਤੇ ਆਲ ਇੰਡੀਆ ਰੇਡੀਓ ਲਖਨਊ ਨਾਲ ਜੁੜ ਗਈ ਤੇ ਮਰਦੇ ਦਮ ਤੱਕ ਜੁੜੀ ਰਹੀ।

ਮਹਾਨ ਸੰਗੀਤਕਾਰ ਮਦਨ ਮੋਹਨ ਦੇ ਕਹਿਣ ਤੇ ਬੇ.ਗਮ ਨੇ 1953 ਵਿੱਚ ਪ੍ਰਦਰਸ਼ਿਤ 'ਦਾਨਾਪਾਨੀ' ਦੇ ਗੀਤ 'ਐ ਇਸ਼ਕ ਮੁਝੇ ਔਰ ਕੁਛ ਯਾਦ ਨਹੀਂ' ਤੇ 1954 ਵਿੱਚ .ਫ ?ਲਮ 'ਅਹਿਸਾਨ' ਦੇ ਗੀਤ 'ਹਮੇਂ ਦਿਲ ਮੇਂ ਬਸਾ ਭੀ ਲੋ' ਗਾ ਕੇ ਸਰੋਤਿਆਂ ਤੋਂ ਭਰਪੂਰ ਦਾਦ ਹਾਸਲ ਕੀਤੀ। '50 ਦੇ ਦਹਾਕੇ ਵਿੱਚ ਉਹਨੇ .ਫ ?ਲਮਾਂ ਵਿੱਚ ਕੰਮ ਕਰਨਾ ਘਟਾ ਦਿੱਤਾ। 1958 ਵਿੱਚ ਸਤਿਆਜੀਤ ਰੇਅ ਦੀ .ਫ ?ਲਮ 'ਜਲਸਾ ਘਰ' ਉਹਦੇ ਕੈਰੀਅਰ ਦੀ ਆਖਰੀ .ਫ ?ਲਮ ਸੀ। ਇਸ .ਫ ?ਲਮ ਵਿੱਚ ਉਹਨੇ ਗਾਇਕਾ ਦੀ ਭੂਮਿਕਾ ਨਿਭਾ ਕੇ ਖੁਦ ਨੂੰ ਜੀਵੰਤ ਕਰ ਦਿੱਤਾ।

ਉਹਦੀਆਂ ਕੁਝ ਹੋਰ .ਫ ?ਲਮਾਂ ਵਿੱਚ 'ਅਨਾਰ ਬਾਲਾ' (1940), 'ਦਾਨਾਪਾਨੀ' (1953), 'ਅਹਿਸਾਨ' (1954), 'ਜਲਸਾ ਘਰ' (1958) ਆਦਿ ਪ੍ਰਮੁੱਖ ਹਨ। .ਫ ?ਲਮ ਅਤੇ ਸੰਗੀਤ ਨੂੰ ਦਿੱਤੇ ਯੋਗਦਾਨ ਬਦਲੇ ਉਹਨੂੰ 1968 ਵਿੱਚ ਪਦਮਸ਼ ?ਰੀ, 1972 ਵਿੱਚ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਅਤੇ 1975 ਵਿੱਚ (ਮੌਤ ਤੋਂ ਪਿੱਛੋਂ) ਪਦਮ ਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ।

ਇਹ ਮਹਾਨ ਗਾਇਕਾ 30 ਅਕਤੂਬਰ 1974 ਨੂੰ ਹਾਰਟ ਅਟੈਕ ਕਾਰਨ ਇਸ ਦੁਨੀਆਂ ਨੂੰ ਸਦੀਵੀ ਅਲਵਿਦਾ ਕਹਿ ਗਈ। ਉਹਨੂੰ ਲਖਨਊ ਦੇ ਪਸੰਦ ਬਾਗ ਵਿੱਚ ਸਪੁਰਦੇ-ਖ਼ਾਕ ਕੀਤਾ ਗਿਆ। ਮੌਤ ਤੋਂ ਅੱਠ ਦਿਨ ਪਹਿਲਾਂ ਉਹਨੇ ਪ੍ਰਸਿੱਧ ਸ਼ਾਇਰ ਕੈ.ਫੀ ਆਜ਼ਮੀ ਦੀ ਇਹ .ਗਜ਼ਲ ਰਿਕਾਰਡ ਕਰਵਾਈ :

**ਸੁਨਾ ਕਰੋ ਮੇਰੀ ਜਾਂ ਉਨਸੇ ਉਨਕੇ ਅ.ਫਸਾਨੇ।**
**ਸਬ ਅਜਨਬੀ ਹੈਂ ਯਹਾਂ ਕੌਨ ਕਿਸਕੋ ਪਹਚਾਨੇ।**

ਉਹਦੀਆਂ ਯਾਦਗਾਰੀ .ਗਜ਼ਲਾਂ ਵਿੱਚ 'ਵੋ ਜੋ ਹਮਮੇਂ ਤੁਮਮੇਂ ਕਰਾਰ ਥਾ, ਤੁਮੇਂ ਯਾਦ ਹੋ ਕਿ ਨ ਯਾਦ ਹੋ...' ਬਹੁਤ ਪ੍ਰਸਿੱਧ ਹੈ। ਲੇਖਕ ਤੇ ਸੰਗੀਤਕਾਰ ਯਤੀਂਦ੍ਰ ਮਿਸ਼ ?ਰ ਦੀ ਕਿਤਾਬ 'ਅਖ਼ਤਰੀ : ਸੋਜ਼ ਔਰ ਦਰਦ ਕਾ ਅ.ਫਸਾਨਾ' ਵਿੱਚੋਂ ਬੇ.ਗਮ ਅਖ਼ਤਰ ਦੇ ਜੀਵਨ ਬਾਰੇ ਵਿਸਤ੍ਰਿਤ ਜਾਣਕਾਰੀ ਮੁਹੱਈਆ ਹੁੰਦੀ ਹੈ।

**#1, ਲਤਾ ਗਰੀਨ ਐਨਕਲੇਵ, ਪਟਿਆਲਾ-**
**147002.**
**(9417692015)**

# ਆਰਥਿਕ ਵਿਕਾਸ, ਲੋਕਤੰਤਰਕ ਟਕਰਾਅ ਅਤੇ ਨਿਆਂਇਕ ਸੰਜਮ ਦਾ ਇਮਤਿਹਾਨ

## ਵਿਸ਼ਵ ਬੈਂਕ ਦੀ 7.1% ਵਿਕਾਸ ਦਰ ਦੀ ਭਵਿੱਖਬਾਣੀ ਤੋਂ ਲੈ ਕੇ ਚੋਣ ਕਮਿਸ਼ਨ ਵਿਰੁੱਧ ਵਿਰੋਧ ਅਤੇ ਪ੍ਰਸਤਾਵਨਾ 'ਤੇ ਸੁਪਰੀਮ ਕੋਰਟ ਦੇ ਫੈਸਲੇ ਤੱਕ—ਭਾਰਤ ਦੀ ਸੰਸਥਾਗਤ ਤਾਕਤ ਅਤੇ ਸੰਵਿਧਾਨਕ ਪਰਿਪੱਕਤਾ ਦੀ ਇੱਕ ਝਲਕ



21ਵੀਂ ਸਦੀ ਦੇ ਵਿਸ਼ਵਵਿਆਪੀ ਦ੍ਰਿਸ਼ ਵਿੱਚ, 6 ਅਕਤੂਬਰ, 2026, ਭਾਰਤ ਲਈ ਸਿਰਫ਼ ਆਰਥਿਕ ਪ੍ਰਾਪਤੀ ਜਾਂ ਘਰੇਲੂ ਰਾਜਨੀਤਿਕ ਟਕਰਾਅ ਦਾ ਦਿਨ ਨਹੀਂ ਸੀ, ਸਗੋਂ ਇੱਕ ਅਜਿਹਾ ਦਿਨ ਸੀ ਜਿਸਨੇ ਇੱਕੋ ਸਮੇਂ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਸੰਸਥਾਗਤ ਤਾਕਤ, ਸੰਵਿਧਾਨਕ ਪਰਿਪੱਕਤਾ ਅਤੇ ਨਿਆਂਇਕ ਸੰਜਮ ਦੀ ਪਰਖ ਕੀਤੀ ।ਜਦੋਂ ਕਿ ਪੱਛਮੀ ਏਸ਼ੀਆ ਸਮੇਤ ਦੁਨੀਆ ਦੇ ਕਈ ਹਿੱਸਿਆਂ 'ਤੇ ਜੰਗ, ਭੂ-ਰਾਜਨੀਤਿਕ ਤਣਾਅ, ਊਰਜਾ ਅਸੁਰੱਖਿਆ ਅਤੇ ਆਰਥਿਕ ਅਨਿਸ਼ਚਿਤਤਾ ਦੇ ਬੱਦਲ ਛਾ ਗਏ ਹਨ, ਵਿਸ਼ਵ ਬੈਂਕ ਨੇ ਭਾਰਤ ਦੀ ਆਰਥਿਕਤਾ ਦੇ ਆਪਣੇ ਨਵੀਨਤਮ ਮੁਲਾਂਕਣ ਵਿੱਚ, ਵਿੱਤੀ ਸਾਲ 2026-27 ਲਈ ਆਪਣੀ ਵਿਕਾਸ ਦਰ ਦੀ ਭਵਿੱਖਬਾਣੀ 6.6 ਪ੍ਰਤੀਸ਼ਤ ਤੋਂ ਵਧਾ ਕੇ 7.1 ਪ੍ਰਤੀਸ਼ਤ ਕਰ ਦਿੱਤੀ ਹੈ।ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਤੁਹਾਨੂੰ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਵਿਸ਼ਵ ਬੈਂਕ ਦਾ ਅਕਤੂਬਰ 2026 ਦੱਖਣੀ ਏਸ਼ੀਆ ਆਰਥਿਕ ਅਪਡੇਟ ਇਸ ਦਿਨ ਪ੍ਰਕਾਸ਼ਿਤ ਹੋਇਆ ਸੀ। ਇਸ ਦੌਰਾਨ, ਉਸੇ ਦਿਨ, ਰਾਜਧਾਨੀ ਦਿੱਲੀ ਵਿੱਚ, ਲਗਭਗ 140 ਵਿਰੋਧੀ ਸੰਸਦ ਮੈਂਬਰਾਂ ਅਤੇ ਭਾਰਤ ਗਠਜੋੜ ਦੇ ਨੇਤਾਵਾਂ ਨੇ ਸੰਸਦ ਤੋਂ ਚੋਣ ਕਮਿਸ਼ਨ ਤੱਕ ਮਾਰਚ ਕੀਤਾ, ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫੇ ਅਤੇ ਚੋਣ ਸੂਚੀਆਂ ਦੇ ਵਿਸ਼ੇਸ਼ ਤੀਬਰ ਸੋਧ ਨੂੰ ਵਾਪਸ ਲੈਣ ਦੀ ਮੰਗ ਕੀਤੀ। ਸੁਪਰੀਮ ਕੋਰਟ ਨੇ ਸਕੂਲ ਅਸੈਂਬਲੀ ਵਿੱਚ ਸੰਵਿਧਾਨ ਦੀ ਪ੍ਰਸਤਾਵਨਾ ਦੇ ਲਾਜ਼ਮੀ ਰੋਜ਼ਾਨਾ ਪਾਠ ਦੀ ਮੰਗ ਕਰਨ ਵਾਲੀ ਇੱਕ ਜਨਹਿਤ ਪਟੀਸ਼ਨ ਨੂੰ ਵੀ ਖਾਰਜ ਕਰ ਦਿੱਤਾ, ਜਿਸ ਨਾਲ ਨਿਆਂਇਕ ਸੰਜਮ ਅਤੇ ਨੀਤੀ ਨਿਰਮਾਣ ਦੀਆਂ ਸੀਮਾਵਾਂ ਬਾਰੇ ਇੱਕ ਮਹੱਤਵਪੂਰਨ ਸੰਦੇਸ਼ ਮਿਲਿਆ। ਇਸ ਤਰ੍ਹਾਂ, 6 ਅਕਤੂਬਰ ਦਾ ਭਾਰਤ ਇੱਕ ਅਜਿਹੀ ਤਸਵੀਰ ਪੇਸ਼ ਕਰਦਾ ਹੈ ਜਿਸ ਵਿੱਚ ਆਰਥਿਕ ਤਾਕਤ, ਰਾਜਨੀਤਿਕ ਟਕਰਾਅ, ਲੋਕਤੰਤਰੀ ਸੰਸਥਾਵਾਂ 'ਤੇ ਬਹਿਸ, ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਦੀਆਂ ਨਿਆਂਇਕ ਵਿਆਖਿਆਵਾਂ ਇੱਕੋ ਰਾਸ਼ਟਰੀ ਦ੍ਰਿਸ਼ਟੀਕੋਣ ਦੇ ਅੰਦਰ ਸਹਿ-ਮੌਜੂਦ ਹਨ।

ਦੋਸਤੋ ,ਭਾਰਤ ਦੀ ਆਰਥਿਕ ਕਹਾਣੀ ਅੱਜ ਵਿਸ਼ਵ ਅਰਥਵਿਵਸਥਾ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ। ਅਜਿਹੇ ਸਮੇਂ ਜਦੋਂ ਬਹੁਤ ਸਾਰੀਆਂ ਵਿਕਸਤ ਅਤੇ ਵਿਕਾਸਸ਼ੀਲ ਅਰਥਵਿਵਸਥਾਵਾਂ ਯੁੱਧ, ਊਰਜਾ ਸੰਕਟ, ਸਪਲਾਈ ਲੜੀ ਵਿੱਚ ਵਿਘਨ, ਮਹਿੰਗਾਈ ਅਤੇ ਭੂ-ਰਾਜਨੀਤਿਕ ਤਣਾਅ ਨਾਲ ਜੂਝ ਰਹੀਆਂ ਹਨ, ਭਾਰਤ ਲਈ ਵਿਸ਼ਵ ਬੈਂਕ ਦਾ 7.1 ਪ੍ਰਤੀਸ਼ਤ ਵਿਕਾਸ ਅਨੁਮਾਨ ਸਿਰਫ਼ ਇੱਕ ਅੰਕੜਾ ਨਹੀਂ ਹੈ, ਸਗੋਂ ਵਿਸ਼ਵ ਨਿਵੇਸ਼ਕਾਂ ਅਤੇ ਵਿੱਤੀ ਸੰਸਥਾਵਾਂ ਲਈ ਭਾਰਤ ਦੀ ਅੰਦਰੂਨੀ ਸੰਭਾਵਨਾ ਵਿੱਚ ਵਿਸ਼ਵਾਸ ਦਾ ਸੰਕੇਤ ਹੈ। ਅਪ੍ਰੈਲ 2026 ਵਿੱਚ, ਵਿਸ਼ਵ ਬੈਂਕ ਨੇ ਵਿੱਤੀ ਸਾਲ 2026-27 ਲਈ 6.6 ਪ੍ਰਤੀਸ਼ਤ ਵਿਕਾਸ ਦਰ ਦਾ ਅਨੁਮਾਨ ਲਗਾਇਆ ਸੀ; ਅਕਤੂਬਰ ਵਿੱਚ, ਇਸਨੂੰ ਵਧਾ ਕੇ 7.1 ਪ੍ਰਤੀਸ਼ਤ ਕਰ ਦਿੱਤਾ ਗਿਆ ਸੀ। ਮਜ਼ਬੂਤ ? ?ਘਰੇਲੂ ਮੰਗ, ਉਦਯੋਗਿਕ ਅਤੇ ਸੇਵਾ ਖੇਤਰਾਂ ਦੀ ਗਤੀ, ਅਤੇ ਆਰਥਿਕ ਸੁਧਾਰਾਂ ਦੀ ਨਿਰੰਤਰਤਾ ਭਾਰਤ ਦੀ ਵਿਕਾਸ ਕਹਾਣੀ ਦੇ ਮੁੱਖ ਥੰਮ ?ਹ ਬਣੇ ਹੋਏ ਹਨ। ਹਾਲਾਂਕਿ, ਖੇਤੀਬਾੜੀ ਅਤੇ ਮਾਨਸੂਨ ਨਾਲ ਸਬੰਧਤ ਜੋਖਮਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਲਈ, 7.1 ਪ੍ਰਤੀਸ਼ਤ ਦਾ ਅਨੁਮਾਨ ਭਾਰਤ ਦੀ ਆਰਥਿਕ ਤਾਕਤ ਦਾ ਪ੍ਰਮਾਣ ਹੈ, ਪਰ ਇਹ ਇਸ ਗੱਲ ਦੀ ਯਾਦ ਦਿਵਾਉਂਦਾ ਹੈ ਕਿ ਵਿਸ਼ਵਵਿਆਪੀ ਊਰਜਾ ਕੀਮਤਾਂ, ਖੁਰਾਕ ਮਹਿੰਗਾਈ ਅਤੇ ਭੂ-ਰਾਜਨੀਤਿਕ ਸੰਕਟਾਂ ਤੋਂ ਬਚਾਅ ਲਈ ਆਰਥਿਕ ਨੀਤੀਆਂ ਨੂੰ ਗਤੀਸ਼ੀਲ ਰਹਿਣਾ ਚਾਹੀਦਾ ਹੈ।

ਦੋਸਤੋ, ਇਸ ਆਰਥਿਕ ਪ੍ਰਾਪਤੀ ਦੇ ਸਮਾਨਾਂਤਰ, ਭਾਰਤ ਦੇ ਲੋਕਤੰਤਰੀ ਸੰਸਥਾਗਤ ਢਾਂਚੇ ਬਾਰੇ ਇੱਕ ਗੰਭੀਰ ਰਾਜਨੀਤਿਕ ਬਹਿਸ ਵੀ ਉੱਭਰੀ। 6 ਅਕਤੂਬਰ ਨੂੰ,ਆਈ ਐਨ ਡੀ ਈ ਏ ਗੱਠਜੋੜ ਦੇ ਨੇਤਾਵਾਂ ਅਤੇ ਸੰਸਦ ਮੈਂਬਰਾਂ ਨੇ ਸੰਸਦ ਭਵਨ ਤੋਂ ਚੋਣ ਕਮਿਸ਼ਨ ਤੱਕ ਮਾਰਚ ਕੀਤਾ। ਵਿਰੋਧੀ ਧਿਰ ਦੀ ਮੁੱਖ ਮੰਗ ਮੁੱਖ ਚੋਣ ਕਮਿਸ਼ਨਰ ਦਾ ਅਸਤੀਫਾ ਅਤੇ ਐਸ ਆਈ ਆਰ ਪ੍ਰਕਿਰਿਆ ਨੂੰ ਵਾਪਸ ਲੈਣਾ ਸੀ। ਰਿਪੋਰਟਾਂ ਅਨੁਸਾਰ, ਲਗਭਗ 140 ਵਿਰੋਧੀ ਧਿਰ ਦੇ ਸੰਸਦ ਮੈਂਬਰ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ। ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਵਾਡਰਾ, ਮਲਿਕਾਰਜੁਨ ਖੜਗੇ ਅਤੇ ਅਖਿਲੇਸ਼ ਯਾਦਵ ਸਮੇਤ ਕਈ ਪ੍ਰਮੁੱਖ ਵਿਰੋਧੀ ਧਿਰ ਨੇਤਾਵਾਂ ਦੀ ਮੌਜੂਦਗੀ ਨੇ ਪ੍ਰਦਰਸ਼ਨ ਨੂੰ ਰਾਸ਼ਟਰੀ ਰਾਜਨੀਤਿਕ ਚਰਚਾ ਦਾ ਕੇਂਦਰ ਬਣਾ ਦਿੱਤਾ। ਪੁਲਿਸ ਨੇ ਮਾਰਚ ਨੂੰ ਚੋਣ ਕਮਿਸ਼ਨ ਦੇ ਦਫ਼ਤਰ ਪਹੁੰਚਣ ਤੋਂ ਪਹਿਲਾਂ ਹੀ ਰੋਕ ਦਿੱਤਾ, ਅਤੇ ਕਈ ਨੇਤਾਵਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਵਿਰੋਧੀ ਧਿਰ ਵੋਟਰ ਸੂਚੀਆਂ ਵਿੱਚ ਕਥਿਤ ਬੇਨਿਯਮੀਆਂ ਅਤੇ SIR ਰਾਹੀਂ ਵੋਟਰਾਂ ਦੇ ਨਾਮ ਹਟਾਉਣ ਬਾਰੇ ਸਵਾਲ ਉਠਾ ਰਹੀ ਹੈ। ਜਦੋਂ ਕਿ ਚੋਣ ਕਮਿਸ਼ਨ ਅਤੇ ਸੱਤਾਧਾਰੀ ਪਾਰਟੀ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦੇ ਹਨ, ਇਸ ਪ੍ਰਕਿਰਿਆ ਨੂੰ ਵੋਟਰ ਸੂਚੀ ਨੂੰ ਸ਼ੁੱਧ ਕਰਨ ਅਤੇ ਅਪਡੇਟ ਕਰਨ ਦੇ ਅਭਿਆਸ ਵਜੋਂ ਪੇਸ਼ ਕਰਦੇ ਹਨ। ਇਸ ਲਈ, ਲੋਕਤੰਤਰ ਦੀ ਅਸਲ ਤਾਕਤ ਦੋਸ਼ਾਂ ਅਤੇ ਜਵਾਬੀ ਦੋਸ਼ਾਂ ਰਾਹੀਂ ਨਹੀਂ, ਸਗੋਂ ਪਾਰਦਰਸ਼ਤਾ, ਦਸਤਾਵੇਜ਼ੀ ਸਬੂਤਾਂ, ਸੰਵਿਧਾਨਕ ਪ੍ਰਕਿਰਿਆ ਅਤੇ ਜਨਤਕ ਵਿਸ਼ਵਾਸ ਰਾਹੀਂ ਸੰਸਥਾਵਾਂ ਬਾਰੇ ਸਵਾਲਾਂ ਨੂੰ ਹੱਲ ਕਰਨ ਵਿੱਚ ਹੈ।

ਦੋਸਤੋ, ਇਹ ਵਿਕਾਸ ਮਹੱਤਵਪੂਰਨ ਹੈ ਕਿਉਂਕਿ ਚੋਣ ਕਮਿਸ਼ਨ ਭਾਰਤ ਦੇ ਲੋਕਤੰਤਰੀ ਢਾਂਚੇ ਵਿੱਚ ਇੱਕ ਕੇਂਦਰੀ ਸੰਵਿਧਾਨਕ ਸੰਸਥਾ ਹੈ। ਚੋਣਾਂ ਸਿਰਫ਼ ਸਰਕਾਰ ਚੁਣਨ ਦੀ ਪ੍ਰਕਿਰਿਆ ਨਹੀਂ ਹਨ; ਇਹ ਵਿਸ਼ਵਵਿਆਪੀ ਮਤਾਧਿਕਾਰ ਅਤੇ ਸੱਤਾ ਦੇ ਸ਼ਾਂਤੀਪੂਰਨ ਤਬਾਦਲੇ ਦੀ ਨੀਂਹ ਹਨ। ਇਸ ਲਈ, ਜੇਕਰ ਰਾਜਨੀਤਿਕ ਪਾਰਟੀਆਂ ਚੋਣ ਪ੍ਰਕਿਰਿਆ ਦੀ ਨਿਰਪੱਖਤਾ 'ਤੇ ਸਵਾਲ ਉਠਾਉਂਦੀਆਂ ਹਨ, ਤਾਂ ਲੋਕਤੰਤਰ ਦੀ ਭਰੋਸੇਯੋਗਤਾ ਲਈ ਸੰਸਥਾਗਤ ਪਾਰਦਰਸ਼ਤਾ ਅਤੇ ਤੱਥਾਂ ਦੀ ਸਪੱਸ਼ਟੀਕਰਨ ਦੋਵੇਂ ਜ਼ਰੂਰੀ ਹੋ ਜਾਂਦੇ ਹਨ। ਦੂਜੇ ਪਾਸੇ, ਰਾਜਨੀਤਿਕ ਵਿਰੋਧ ਅਤੇ ਸੰਸਥਾਗਤ ਆਲੋਚਨਾ ਲੋਕਤੰਤਰ ਵਿੱਚ ਨਿਹਿਤ ਹਨ, ਪਰ ਕਿਸੇ ਵੀ ਸੰਵਿਧਾਨਕ ਸੰਸਥਾ ਦੀ ਭਰੋਸੇਯੋਗਤਾ ਦਾ ਅੰਤਮ ਮੁਲਾਂਕਣ ਸਥਾਪਿਤ ਕਾਨੂੰਨੀ ਪ੍ਰਕਿਰਿਆਵਾਂ, ਸਬੂਤਾਂ ਅਤੇ ਸੰਵਿਧਾਨਕ ਉਪਬੰਧਾਂ 'ਤੇ ਅਧਾਰਤ ਹੋਣਾ ਚਾਹੀਦਾ ਹੈ। ਇਹ ਸੰਤੁਲਨ ਉਹ ਹੈ ਜੋ ਭਾਰਤ ਦੇ ਲੋਕਤੰਤਰ ਨੂੰ ਵਿਸ਼ਵਵਿਆਪੀ ਲੋਕਤੰਤਰੀ ਪ੍ਰਣਾਲੀ ਵਿੱਚ ਵਿਲੱਖਣ ਬਣਾਉਂਦਾ ਹੈ।

ਦੋਸਤੋ, ਇਸ ਵਿਆਪਕ ਲੋਕਤੰਤਰੀ ਬਹਿਸ ਦੇ ਵਿਚਕਾਰ, ਸਕੂਲਾਂ ਵਿੱਚ ਸੰਵਿਧਾਨ ਦੀ ਪ੍ਰਸਤਾਵਨਾ ਦੇ ਲਾਜ਼ਮੀ ਪਾਠ ਸੰਬੰਧੀ 6 ਅਕਤੂਬਰ ਨੂੰ ਸੁਪਰੀਮ ਕੋਰਟ ਦੇ ਫੈਸਲੇ ਦਾ ਵਿਸ਼ੇਸ਼ ਮਹੱਤਵ ਹੈ। ਮਾਣਯੋਗ ਤਿੰਨ ਮੈਂਬਰੀ ਬੈਂਚ ਨੇ ਰਾਜਧਾਨੀ ਕਾਲਜ, ਦਿੱਲੀ ਯੂਨੀਵਰਸਿਟੀ ਦੇ ਇੱਕ ਸਹਾਇਕ ਪ੍ਰੋਫੈਸਰ ਦੁਆਰਾ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਪਟੀਸ਼ਨ ਵਿੱਚ ਕੇਂਦਰੀ ਸਿੱਖਿਆ ਮੰਤਰਾਲੇ ਅਤੇ ਸੀਬੀਐਸਈ ਨੂੰ ਇੱਕ ਦੇਸ਼ ਵਿਆਪੀ ਨੀਤੀ ਤਿਆਰ ਕਰਨ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ ਜਿਸ ਵਿੱਚ ਸਕੂਲ ਸਵੇਰ ਦੀ ਸਭਾ ਦੌਰਾਨ ਸੰਵਿਧਾਨ ਦੀ ਪ੍ਰਸਤਾਵਨਾ ਦੇ ਨਿਯਮਤ ਪਾਠ ਦੀ ਲੋੜ ਹੋਵੇ। ਰਾਜਸਥਾਨ, ਮਹਾਰਾਸ਼ਟਰ ਅਤੇ ਕਰਨਾਟਕ ਵਿੱਚ ਅਜਿਹੇ ਯਤਨਾਂ ਦਾ ਹਵਾਲਾ ਦਿੰਦੇ ਹੋਏ, ਪਟੀਸ਼ਨਰ ਨੇ ਧਾਰਾ 21ਏ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਬਾਰੇ ਨਾਗਰਿਕ ਚੇਤਨਾ ਵਿਕਸਤ ਕਰਨ ਦੀ ਲੋੜ 'ਤੇ ਦਲੀਲ ਦਿੱਤੀ।

ਦੋਸਤੋ, ਸੁਪਰੀਮ ਕੋਰਟ ਨੇ ਇਸ ਮੰਗ ਨੂੰ ਰੱਦ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਸੰਵਿਧਾਨ ਦੀ ਪ੍ਰਸਤਾਵਨਾ ਪਹਿਲਾਂ ਹੀ ਸਕੂਲੀ ਪਾਠਕ੍ਰਮ ਦਾ ਹਿੱਸਾ ਹੈ ਅਤੇ ਵਿਦਿਆਰਥੀਆਂ ਨੂੰ ਇਸ ਬਾਰੇ ਗ੍ਰੇਡ 6 ਤੋਂ ਬਾਅਦ ਪੜ੍ਹਾਇਆ ਜਾਂਦਾ ਹੈ। ਇਹ ਇਸ ਫੈਸਲੇ ਦਾ ਸਭ ਤੋਂ ਮਹੱਤਵਪੂਰਨ ਸੰਵਿਧਾਨਕ ਸੰਦੇਸ਼ ਹੈ। ਅਦਾਲਤ ਨੇ ਪ੍ਰਸਤਾਵਨਾ ਜਾਂ ਸੰਵਿਧਾਨਕ ਕਦਰਾਂ-ਕੀਮਤਾਂ ਦੀ ਮਹੱਤਤਾ ਨੂੰ ਘੱਟ ਨਹੀਂ ਕੀਤਾ, ਸਗੋਂ ਇਹ ਸੰਕੇਤ ਦਿੱਤਾ ਕਿ ਸਿੱਖਿਆ ਦੀ ਸਮੱਗਰੀ ਅਤੇ ਵਿਧੀ ਨੂੰ ਨਿਰਧਾਰਤ ਕਰਨਾ ਮੁੱਖ ਤੌਰ 'ਤੇ ਸਰਕਾਰ ਅਤੇ ਵਿਸ਼ੇਸ਼ ਵਿਦਿਅਕ ਸੰਸਥਾਵਾਂ ਦਾ ਖੇਤਰ ਹੈ। ਜੇਕਰ ਸੰਵਿਧਾਨ ਪਹਿਲਾਂ ਹੀ ਪਾਠਕ੍ਰਮ ਵਿੱਚ ਪੜ੍ਹਾਇਆ ਜਾਂਦਾ ਹੈ, ਤਾਂ ਨਿਆਂਪਾਲਿਕਾ ਦਾ ਇੱਕ ਖਾਸ ਰੋਜ਼ਾਨਾ ਰਸਮ ਨੂੰ ਲਾਜ਼ਮੀ ਬਣਾਉਣ ਦਾ ਫੈਸਲਾ ਨੀਤੀ ਨਿਰਮਾਣ ਦੇ ਖੇਤਰ ਵਿੱਚ ਇਸਦੇ ਪ੍ਰਵੇਸ਼ ਬਾਰੇ ਸਵਾਲ ਖੜ੍ਹੇ ਕਰ ਸਕਦਾ ਹੈ। ਇਹ ਪਹੁੰਚ ਅੰਤਰਰਾਸ਼ਟਰੀ ਸੰਵਿਧਾਨਕ ਇਤਿਹਾਸ ਨਾਲ ਵੀ ਮੇਲ ਖਾਂਦੀ ਹੈ। ਸੰਯੁਕਤ ਰਾਜ ਅਮਰੀਕਾ ਵਿੱਚ, 1943 ਦਾ ਵੈਸਟ ਵਰਜੀਨੀਆ ਸਟੇਟ ਬੋਰਡ ਆਫ਼ ਐਜੂਕੇਸ਼ਨ ਬਨਾਮ ਬਾਰਨੇਟ ਕੇਸ ਇਸ ਸਿਧਾਂਤ ਦੀ ਇੱਕ ਮਹੱਤਵਪੂਰਨ ਉਦਾਹਰਣ ਹੈ, ਜਿਸ ਵਿੱਚ ਅਮਰੀਕੀ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਵਿਦਿਆਰਥੀਆਂ ਨੂੰ ਰਾਸ਼ਟਰੀ ਝੰਡੇ ਨੂੰ ਸਲਾਮੀ ਦੇਣ ਅਤੇ ਵਫ਼ਾਦਾਰੀ ਦੀ ਸਹੁੰ ਚੁੱਕਣ ਦੀ ਲੋੜ ਹੈ, ਪ੍ਰਗਟਾਵੇ ਦੀ ਆਜ਼ਾਦੀ ਦੇ ਮਾਮਲੇ ਵਿੱਚ ਗੈਰ-ਸੰਵਿਧਾਨਕ ਸੀ। ਭਾਰਤ ਵਿੱਚ, 1986 ਦਾ ਬਿਜੋਏ ਇਮੈਨੁਅਲ ਬਨਾਮ ਕੇਰਲਾ ਰਾਜ ਦਾ ਫੈਸਲਾ ਵੀ ਮਹੱਤਵਪੂਰਨ ਹੈ, ਜਿਸ ਵਿੱਚ ਸੁਪਰੀਮ ਕੋਰਟ ਨੇ ਉਨ੍ਹਾਂ ਵਿਦਿਆਰਥੀਆਂ ਦੇ ਅਧਿਕਾਰਾਂ ਦੀ ਰੱਖਿਆ ਕੀਤੀ ਜੋ ਰਾਸ਼ਟਰੀ ਗੀਤ ਦੌਰਾਨ ਸਤਿਕਾਰ ਨਾਲ ਖੜ੍ਹੇ ਸਨ ਪਰ ਆਪਣੇ ਧਾਰਮਿਕ ਵਿਸ਼ਵਾਸਾਂ ਕਾਰਨ ਇਸਨੂੰ ਨਾ ਗਾਉਣ ਦੀ ਚੋਣ ਕਰਦੇ ਸਨ। ਇਨ੍ਹਾਂ ਦੋ ਉਦਾਹਰਣਾਂ ਤੋਂ, ਵਿਆਪਕ ਸੰਵਿਧਾਨਕ ਸਿਧਾਂਤ ਉੱਭਰਦਾ ਹੈ ਕਿ ਦੇਸ਼ ਭਗਤੀ, ਸੰਵਿਧਾਨਕ ਵਫ਼ਾਦਾਰੀ ਅਤੇ ਨਾਗਰਿਕ ਚੇਤਨਾ ਦਾ ਅਸਲ ਮੁੱਲ ਸਿਰਫ਼ ਉਦੋਂ ਹੀ ਹੁੰਦਾ ਹੈ ਜਦੋਂ ਉਨ੍ਹਾਂ ਦੇ ਨਾਲ ਸਮਝ, ਸਵੀਕ੍ਰਿਤੀ ਅਤੇ ਸੁਤੰਤਰ ਚੇਤਨਾ ਦਾ ਤੱਤ ਹੁੰਦਾ ਹੈ।

ਦੋਸਤੋ, ਭਾਰਤ ਦਾ 2026 ਦਾ ਪ੍ਰਸਤਾਵਨਾ ਫੈਸਲਾ, ਇਸ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ, ਨਿਆਂਇਕ ਸਰਗਰਮੀ ਦੀ ਬਜਾਏ ਨਿਆਂਇਕ ਸੰਜਮ ਦੀ ਇੱਕ ਉਦਾਹਰਣ ਜਾਪਦਾ ਹੈ। ਅਦਾਲਤ ਨੇ ਇਹ ਨਹੀਂ ਕਿਹਾ ਕਿ ਪ੍ਰਸਤਾਵਨਾ ਮਹੱਤਵਪੂਰਨ ਨਹੀਂ ਹੈ; ਸਗੋਂ, ਇਸਨੇ ਮੰਨਿਆ ਕਿ ਸੰਵਿਧਾਨਕ ਕਦਰਾਂ- ਕੀਮਤਾਂ ਨੂੰ ਮਜ਼ਬੂਤ ? ?ਕਰਨ ਦੇ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਸਿੱਖਿਆ, ਸੰਵਾਦ ਅਤੇ ਸਮਝ ਹਨ। ਸਵੇਰ ਦੀ ਸਭਾ ਵਿੱਚ ਸਮੂਹਿਕ ਪਾਠ ਇੱਕ ਪ੍ਰਤੀਕਾਤਮਕ ਗਤੀਵਿਧੀ ਹੋ ਸਕਦੀ ਹੈ, ਪਰ ਸੰਵਿਧਾਨ ਦੀ ਅਸਲ ਭਾਵਨਾ ਵਿਦਿਆਰਥੀਆਂ ਨੂੰ ਨਿਆਂ, ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੇ ਅਰਥ ਸਿਖਾ ਕੇ ਵਿਕਸਤ ਕੀਤੀ ਜਾਵੇਗੀ। ਸੰਵਿਧਾਨ ਸਿਰਫ਼ ਰੋਜ਼ਾਨਾ ਦੁਹਰਾਏ ਜਾਣ ਵਾਲੇ ਸ਼ਬਦਾਂ ਦਾ ਸਮੂਹ ਨਹੀਂ ਹੈ, ਸਗੋਂ ਨਾਗਰਿਕਾਂ ਅਤੇ ਰਾਜ ਵਿਚਕਾਰ ਵਿਸ਼ਵਾਸ, ਅਧਿਕਾਰਾਂ ਅਤੇ ਕਰਤੱਵਾਂ ਦਾ ਇੱਕ ਜੀਵਤ ਸਮਾਜਿਕ ਇਕਰਾਰਨਾਮਾ ਹੈ। ਦੋਸਤੋ, ਇਹ ਤਿੰਨ ਘਟਨਾਵਾਂ – ਵਿਸ਼ਵ ਬੈਂਕ ਦੇ ਵਿਕਾਸ ਅਨੁਮਾਨਾਂ ਵਿੱਚ ਵਾਧਾ, ਚੋਣ ਕਮਿਸ਼ਨ ਵਿਰੁੱਧ ਭਾਰਤ ਗੱਠਜੋੜ ਦਾ ਵਿਰੋਧ, ਅਤੇ ਪ੍ਰਸਤਾਵਨਾ ਦੇ ਪਾਠ 'ਤੇ ਸੁਪਰੀਮ ਕੋਰਟ ਦਾ ਫੈਸਲਾ – ਨੂੰ ਇਕੱਠੇ ਲੈ ਕੇ, ਭਾਰਤ ਦੀ ਲੋਕਤੰਤਰੀ ਯਾਤਰਾ ਦੀ ਇੱਕ ਮਹੱਤਵਪੂਰਨ ਤਸਵੀਰ ਪ੍ਰਗਟ ਕਰਦੇ ਹਨ। ਆਰਥਿਕ ਸ਼ਕਤੀ ਕਿਸੇ ਦੇਸ਼ ਦੀ ਵਿਸ਼ਵਵਿਆਪੀ ਸਾਖ ਨੂੰ ਵਧਾਉਂਦੀ ਹੈ, ਪਰ ਆਰਥਿਕ ਤਾਕਤ ਨੂੰ ਸਥਾਈ ਵਿਸ਼ਵਵਿਆਪੀ ਪ੍ਰਭਾਵ ਵਿੱਚ ਅਨੁਵਾਦ ਕਰਨ ਲਈ ਸੰਸਥਾਗਤ ਭਰੋਸੇਯੋਗਤਾ ਵੀ ਓਨੀ ਹੀ ਜ਼ਰੂਰੀ ਹੈ। ਦੁਨੀਆ ਭਾਰਤ ਨੂੰ ਨਾ ਸਿਰਫ਼ ਇੱਕ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਵਜੋਂ ਦੇਖਦੀ ਹੈ, ਸਗੋਂ ਇੱਕ ਲੋਕਤੰਤਰ ਵਜੋਂ ਵੀ ਦੇਖਦੀ ਹੈ ਜਿੱਥੇ ਸਰਕਾਰ, ਵਿਰੋਧੀ ਧਿਰ, ਚੋਣ ਕਮਿਸ਼ਨ ਅਤੇ ਨਿਆਂਪਾਲਿਕਾ ਵਿਚਕਾਰ ਸ਼ਕਤੀ ਦਾ ਸੰਵਿਧਾਨਕ ਸੰਤੁਲਨ ਜ਼ਰੂਰੀ ਹੈ।

ਦੋਸਤੋ, ਅੱਜ ਜਦੋਂ ਦੁਨੀਆ ਦੇ ਕਈ ਹਿੱਸਿਆਂ ਵਿੱਚ ਜੰਗ ਦੇ ਖ਼ਤਰੇ, ਰਾਜਨੀਤਿਕ ਧਰੁਵੀਕਰਨ ਅਤੇ ਸੰਸਥਾਗਤ ਸੰਕਟ ਦਿਖਾਈ ਦੇ ਰਹੇ ਹਨ, ਤਾਂ ਭਾਰਤ ਦੀ ਸਭ ਤੋਂ ਵੱਡੀ ਚੁਣੌਤੀ ਸਿਰਫ਼ 7 ਪ੍ਰਤੀਸ਼ਤ ਤੋਂ ਉੱਪਰ ਆਰਥਿਕ ਵਿਕਾਸ ਨੂੰ ਬਣਾਈ ਰੱਖਣਾ ਨਹੀਂ ਹੈ। ਚੁਣੌਤੀ ਇਹ ਵੀ ਹੈ ਕਿ ਆਰਥਿਕ ਵਿਕਾਸ ਦੇ ਨਾਲ ਲੋਕਤੰਤਰੀ ਵਿਸ਼ਵਾਸ, ਚੋਣ ਪਾਰਦਰਸ਼ਤਾ, ਨਿਆਂਇਕ ਸੁਤੰਤਰਤਾ ਅਤੇ ਨਾਗਰਿਕ ਅਧਿਕਾਰਾਂ ਦੀ ਸੁਰੱਖਿਆ ਵੀ ਸ਼ਾਮਲ ਹੋਵੇ। ਵਿਸ਼ਵ ਬੈਂਕ ਦਾ 7.1 ਪ੍ਰਤੀਸ਼ਤ ਅਨੁਮਾਨ ਭਾਰਤ ਦੀ ਆਰਥਿਕ ਸੰਭਾਵਨਾ ਦਾ ਇੱਕ ਉਤਸ਼ਾਹਜਨਕ ਸੰਕੇਤ ਹੈ, ਪਰ ਚੋਣ ਪ੍ਰਕਿਰਿਆ ਅਤੇ ਨਿਆਂਪਾਲਿਕਾ ਦੇ ਸੰਜਮੀ ਫੈਸਲਿਆਂ ਬਾਰੇ ਉਠਾਏ ਗਏ ਸਵਾਲ ਸਾਨੂੰ ਇਹ ਵੀ ਯਾਦ ਦਿਵਾਉਂਦੇ ਹਨ ਕਿ ਕਿਸੇ ਦੇਸ਼ ਦੀ ਅਸਲ ਤਾਕਤ ਸਿਰਫ਼ ਜੀ.ਡੀ.ਪੀ. ਦੁਆਰਾ ਨਹੀਂ ਮਾਪੀ ਜਾਂਦੀ।

ਇਸ ਲਈ, ਜੇਕਰ ਅਸੀਂ ਉਪਰੋਕਤ ਸਾਰੀ ਕਹਾਣੀ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ 6 ਅਕਤੂਬਰ, 2026 ਦਾ ਭਾਰਤ, ਦੁਨੀਆ ਨੂੰ ਇੱਕ ਬਹੁਪੱਖੀ ਸੰਦੇਸ਼ ਭੇਜਦਾ ਹੈ: ਅਰਥਵਿਵਸਥਾ ਵਿੱਚ ਵਿਸ਼ਵਾਸ, ਲੋਕਤੰਤਰ ਵਿੱਚ ਬਹਿਸ, ਅਤੇ ਨਿਆਂਪਾਲਿਕਾ ਵਿੱਚ ਸੰਜਮ। ਇਹ ਤਿੰਨੋਂ ਕਾਰਕ ਮਿਲ ਕੇ ਇੱਕ ਆਧੁਨਿਕ ਰਾਸ਼ਟਰ ਦੀ ਸਥਾਈ ਵਿਸ਼ਵਵਿਆਪੀ ਸਾਖ ਵਿੱਚ ਯੋਗਦਾਨ ਪਾਉਂਦੇ ਹਨ। ਜੇਕਰ ਭਾਰਤ ਦੀ ਆਰਥਿਕ ਗਤੀ ਨਿਵੇਸ਼ ਅਤੇ ਰੁਜ਼ਗਾਰ ਨੂੰ ਮਜ਼ਬੂਤ ? ?ਕਰਦੀ ਹੈ, ਜੇਕਰ ਲੋਕਤੰਤਰੀ ਸੰਸਥਾਵਾਂ ਜਨਤਕ ਵਿਸ਼ਵਾਸ ਨੂੰ ਬਣਾਈ ਰੱਖਦੀਆਂ ਹਨ, ਅਤੇ ਜੇਕਰ ਨਿਆਂਪਾਲਿਕਾ ਸੰਵਿਧਾਨ ਨੂੰ ਬਰਕਰਾਰ ਰੱਖਦੇ ਹੋਏ ਨੀਤੀ ਨਿਰਮਾਣ ਦੀਆਂ ਢੁਕਵੀਆਂ ਸੀਮਾਵਾਂ ਦਾ ਸਤਿਕਾਰ ਕਰਦੀ ਹੈ, ਤਾਂ ਭਾਰਤ ਦੀ ਵਿਸ਼ਵਵਿਆਪੀ ਭਰੋਸੇਯੋਗਤਾ ਨਾ ਸਿਰਫ਼ ਆਰਥਿਕ ਅੰਕੜਿਆਂ ਦੁਆਰਾ, ਸਗੋਂ ਇਸਦੀ ਸੰਸਥਾਗਤ ਪਰਿਪੱਕਤਾ ਦੁਆਰਾ ਵੀ ਮਜ਼ਬੂਤ ? ?ਹੋਵੇਗੀ। ਯੁੱਧ ਅਤੇ ਅਨਿਸ਼ਚਿਤਤਾ ਨਾਲ ਘਿਰੀ ਦੁਨੀਆ ਵਿੱਚ, ਇਹ ਭਾਰਤ ਦੀ ਸਭ ਤੋਂ ਵੱਡੀ ਤਾਕਤ ਬਣ ਸਕਦੀ ਹੈ: ਵਿਕਾਸ ਦੀ ਗਤੀ ਅਤੇ ਸੰਵਿਧਾਨ ਦੀ ਸ਼ਾਨ ਦੇ ਨਾਲ ਲੋਕਤੰਤਰ ਦੀ ਡੂੰਘਾਈ।

**- ਟੈਕਸ ਮਾਹਿਰ ਕਾਲਮਨਵੀਸ, ਸਾਹਿਤਕਾਰ, ਅੰਤਰਰਾਸ਼ਟਰੀ ਲੇਖਕ, ਚਿੰਤਕ, ਕਵੀ, ਸੰਗੀਤ ਮਾਧਿਅਮ ,ਸੀਏ (ਏਟੀਸੀ)**
**ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ, ਗੋਂਡੀਆ,**
**ਮਹਾਰਾਸ਼ਟਰ 9226229318**

# ਪ੍ਰੀਤ ਫੁਲਵਾੜੀ

## ਗ਼ਜ਼ਲ

ਮਹਿਲਾਂ ਨਾਲੋਂ ਵੀਂ ਚੰਗੀ ਹੈ ਅਪਣੀਂ ਚਾਰ ਦਿਵਾਰੀ।
ਲੂਣੀਂ ਮਿੱਸੀ ਰੋਟੀ ਦੇ ਨਾਲ ਛੋਟੀ ਜਿਹੀ ਇਕ ਯਾਰੀ।
ਪੈਸੇ ਦੇ ਨਾਲ, ਆਕੜ ਦੇ ਨਾਲ, ਸ਼ੁਹਰਤ ਨਾਲ ਨਈਂ ਮਿਲਦੀ,
ਭੈਣ ਭਰਾਵਾਂ, ਰਿਸ਼ਤੇਦਾਰਾਂ, ਯਾਰਾਂ ਨਾਲ ਸਰਦਾਰੀ।
ਇਤਿਹਾਸ ਗਵਾਹ ਹੈ ਮੱਧ ਵਰਗ 'ਚੋਂ ਉਠਦੀ ਇੱਕ ਕਰਾਂਤੀ,
ਅਕਸਰ ਸੁੱਕੇ ਹੋਏ ਘਾਹ 'ਚੋਂ ਉਠਦੀ ਹੈ ਚਿੰਗਾਰੀ।
ਸੂਰਜ ਵਰਗੀ ਲੋਅ ਦਿੰਦੀ ਹੈ ਘਰ ਦੇ ਵਿਹੜੇ ਅੰਦਰ,
ਸਵਰਗ ਦੀ ਅਸਲੀ ਪਰਿਭਾਸ਼ਾ ਹੈ ਬੱਚੇ ਦੀ ਕਿਲਕਾਰੀ।
ਜੇ ਕਰਤੂਤ ਨਹੀਂ ਹੈ ਚੰਗੀ ਸਭ ਕੁਝ ਮਿੱਟੀ ਵਰਗਾ,
ਸੂਰਤ ਸੀਰਤ ਬੇਸ਼ਕ ਹੋਵੇ ਪਿਆਰੀ ਤੋਂ ਵੀਂ ਪਿਆਰੀ।
ਰੰਗਾਂ ਦੀ ਤਰਤੀਬ ਅਤੇ ਤਰਕੀਬ 'ਚੋਂ ਧੋਖਾ ਦੇਵੇ,
ਨੀਅਤ ਮਾੜੀ ਦੇ ਵਿਚ ਆਕੇ ਜੇ ਚਾਹਵੇ ਲੱਲਾਰੀ।
ਬਾਅਦ 'ਚ ਉਸ ਦੀ ਸਾਰੀ ਹਸਤੀ ਪਾਣੀ-ਪਾਣੀ ਕੀਤੀ,
ਤੜਕ ਸਵੇਰੇ ਨੇ ਤਾਂ ਪਹਿਲਾਂ ਸ਼ਬਨਮ ਖ਼ੂਬ ਸ਼ਿੰਗਾਰੀ।
ਗੰਦਾ ਬੰਦਾ ਜਦ ਵੀ ਬੋਲੇ ਇੱਕ ਖਿਲਾਰਾ ਪਾਵੇ,
ਚਾਰ-ਚੁਫੇਰੇ ਨੇਰ੍ਹੀ ਨੇ ਹੈ ਜਿੱਦਾਂ ਰੇਤ ਖਿਲਾਰੀ।
ਇੱਕ ਥਕੇਵਾਂ ਲਹਿ ਕੇ ਸਾਰਾ ਗਲ੍ਹਵਕੜੀ ਵਿਚ ਆਇਆ,
ਥੱਕੇ ਹਾਰੇ ਦਾਦੇ ਦੀ ਜਦ ਪੋਤੇ ਪੱਗ ਉਤਾਰੀ,
ਮੂੰਹ ਵਿਚ ਜੀਭਾਂ ਪਾ ਕੇ ਰੱਖੀਏ ਨਿਭਦੀ ਰਿਸ਼ਤੇਦਾਰੀ,
ਮੋਹ ਨਾ ਜਾਣਨ, ਤੇਹ ਨਾ ਜਾਣਨ ਮੰਡੀ ਵਿਚ ਵਿਉਪਾਰੀ।
ਸਰਲ ਅਤੇ ਸਾਧਾਰਣਤਾ ਦੀ ਪਧਰੀ ਧਰਤੀ ਉਤੇ,
ਬਾਲਮ ਤੇਰੀਆਂ ਗ਼ਜ਼ਲਾਂ ਅੰਦਰ ਬਿੰਬਾਂ ਦੀ ਸਰਦਾਰੀ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਉਂਕਾਰ ਨਗਰ ਗੁਰਦਾਸਪੁਰ ਪੰਜਾਬ**
ਮੋ. 98156-25409

## ਗ਼ਜ਼ਲ

ਪੇਟ ਭਰਨ ਲਈ ਕਰਦੇ ਕੈਸੇ ਧੰਦੇ ਕਈ।
ਰੋਟੀ ਤੋਂ ਮੁਹਤਾਜ ਨੇ ਏਥੇ ਬੰਦੇ ਕਈ।
ਸਾਰੇ ਲੋਕੀਂ ਦੁੱਧ ਦੇ ਧੋਤੇ ਸਾਫ਼ ਨਹੀਂ,
ਚੋਰੀ, ਡਾਕੇ ਦੇ ਕੰਮ ਕਰਦੇ ਮੰਦੇ ਕਈ।
ਵੇਖਣ ਚਾਖਣ ਨੂੰ ਉਂਜ ਚੰਗੇ ਲੱਗਦੇ ਨੇ,
ਸਾੜਾ, ਨਫ਼ਰਤ, ਸਾਜ਼ਿਸ਼ ਵਾਲੇ ਗੰਦੇ ਕਈ।
ਆਸਤੀਨ ਦੇ ਸੱਪ ਨੇ ਫਿਰਦੇ ਥਾਂ ਥਾਂ ਤੇ,
ਦੋਹੀਂ ਪਾਸੀਂ ਤਿੱਖੇ ਰੱਖਦੇ ਦੰਦੇ ਕਈ।
ਰਿਸ਼ਵਤਖੋਰ ਤੇ ਨੇਤਾ ਮੌਜਾਂ ਕਰਦੇ ਨੇ,
ਨਵ ਸੰਗੀਤ ਜਿਹੇ ਲਟਕੇ ਨੇ ਫੰਦੇ ਕਈ।

**ਪ੍ਰੋ. ਨਵ ਸੰਗੀਤ ਸਿੰਘ**
9417692015

## ਧੀਆਂ ਦੀਆਂ ਉੱਚੀਆਂ ਉਡਾਰੀਆਂ

ਹਰ ਖੇਤਰ ਵਿੱਚ ਧੀਆਂ ਮੱਲਾਂ ਮਾਰਦੀਆਂ ?।
ਦ੍ਰਿੜ ਹੌਸਲਾ ਤੇ ਵਿਸ਼ਵਾਸ਼ ਮਨ ਵਿੱਚ ਧਾਰਦੀਆਂ।
ਹਾਕੀ ਖੇਡ ਕੇ ਤਗਮਾਂ ਜਿੱਤ ਲਿਆਈਆਂ ਨੇ।
ਵਿੱਚ ਜਪਾਨ ਦੇ ਜਾ ਕੇ ਧੁੰਮਾਂ ਪਾਈਆਂ ਨੇ।
ਹੋਰ ਵੀ ਕਿੰਨੇ ਤਗਮੇਂ ਜਿੱਤ ਲਿਆਂਦੇ ਨੇ ?।
ਧੀਆਂ ਨਹੀ ਹੁਣ ਘੱਟ ਲੋਕੀ ਆਂਹਦੇ ਨੇ।
ਵੇਖੋ ਕਿੰਨਾਂ ਦੇਸ਼ ਦਾ ਮਾਣ ਵਧਾਇਆ ਹੈ,
ਪੂਰੀ ਦੁਨੀਆਂ ਦੇ ਵਿੱਚ ਨਾਂ ਚਮਕਾਇਆ ਹੈ।
ਸਰਕਾਰਾਂ ਨੇ ਦਿਲ ਖੋਲ੍ਹ ਇਨਾਮ ਵੀ ਦਿੱਤੇ ਨੇ ?।
ਬੁਲੰਦ ਹੌਸਲੇ ਧੀਆਂ ਦੇ ਵੱਧ ਕੀਤੇ ਨੇ।
ਪੜ੍ਹਾਈ, ਖੇਡਾਂ ਤੇ ਜੰਗ ਵਿੱਚ ਜੌਹਰ ਦਿਖਾਉਂਦੀਆਂ ਨੇ ?।
ਅੱਬਲਾ ਨਹੀਂ, ਹੁਣ ਇਹ ਝਾਂਸੀ ਅਖਵਾਉਂਦੀਆਂ ਨੇ।
'ਪੱਤੋ' ਆਖੇ ਸਭ ਤੋ ਮੂਹਰੇ ਰਹਿਣ ਧੀਆਂ।
ਸਭ ਦੀਆਂ ਦਿੱਲੋ ਦੁਆਵਾਂ, ਲੈਦੀਆਂ ਰਹਿਣ ਧੀਆਂ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ** 94658-21417

## ਚਾਹ ਤੇ ਚਾਅ

ਚਾਹ-ਚਾਹ ਕਰਦੇ ਚਾਅ ਹੀ ਲਿਹ ਗੇ
ਸੱਜਣ ਦੂਰ ਸੀ ਜਾ ਕੇ ਬਿਹ ਗੇ
ਚਾਅ ਸੀ ਦਿਲ ਦਾ ਚਾਹ ਤੇ ਗੱਲਾਂ
ਇਹ ਖੁਆਬਾਂ ਦੇ ਚਾਅ ਹੀ ਰਹਿ ਗੇ
ਸ਼ੌਕ ਬੜਾ ਸੀ ਉਸਨੂੰ ਚਾਹ ਦਾ
ਸਮੇਂ ਨਾਲ ਸਾਨੂੰ ਆਉਣ ਲਈ ਕਿਹ ਗੇ
ਉਹ ਲੰਮੀਆਂ ਰਾਹਾਂ ਦੇ ਪਾਂਧੀ
ਪਤਾ ਨਹੀਂ ਕਿੱਥੇ ਭਟਕਦੇ ਰਹਿ ਗੇ
ਇੱਕ ਮਤ ਜਿਹੇ ਅਸੀ ਹਾ ਦੋਵੇਂ
ਤਾਹੀਓ ਇੱਕ ਦੂਜੇ ਦੀਆਂ ਸਿਹ ਗੇ
ਜੋ ਕਹਿਦੇ ਮੈ ਨਾ ਬੁਰਾ ਮਨਾਵਾ
ਉਹ ਵੀ ਮੇਰੀਆ ਸੁਣਦੇ ਰਹਿ ਗੇ
ਤਵਾਰੀਖ ਬਣ ਗਈਆਂ ਇਹ ਬਾਤਾ
ਸ਼ਬਦਾਂ ਰਾਹੀਂ ਅਸੀਂ ਆਪਣਾ ਕਹਿ ਗੇ
ਨਾ ਮੈਂ ਛੁਪਿਆ ਨਾ ਉਹ ਆਇਆ
ਬਾਜ ਵਾਂਗਰਾਂ ਬੱਦਲਾਂ ਰਾਹ ਪੈ ਗੇ
ਇਕ ਗਜ਼ਲ ਮੈਂ ਲਿਖਦਾ ਉਸ ਤੇ
ਚਾਹ ਤੇ ਚਾਅ ਜੀਦੇ ਨਾਂ ਦੇ ਰਹਿ ਗੇ
ਦਿਲ ਵਿੱਚ ਡੇਰਾ ਲਾ ਕੇ ਬੈਠੇ
ਆਖਣ ਸਾਨੂੰ ਰਾਹ ਵਿਚ ਰਹਿ ਗੇ
ਧਾਲੀਵਾਲਾ ਇਹ ਚਾਹ ਤੇ ਚਾਅ ਸੀ
ਦੱਬੇ ਕਾਹਤੋਂ, ਪਹਿਲਾਂ ਨਾ ਕਹਿ ਲੈ
ਉਨਾ ਮੁੜ ਵਾਪਸ ਨਾ ਆਉਣਾ
ਖਬਰੇ ਕਿਹੜੇ ਅੱਥਰੇ ਰਾਹ ਪੈ ਗੇ
ਚਾਹ-ਚਾਹ ਕਰਦੇ ਚਾਅ ਹੀ ਲਿਹ ਗੇ

**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**
**ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ.**
78374 90309

## ਬਿਹਰਾ ਦਾ ਜਾਮ

ਬੜੀ ਕੋਸ਼ਿਸ਼ ਕੀਤੀ ਸੀ ਨਾ ਲਿਖਾਂ ਦਰਦਾਂ ਨੂੰ
ਪਰ ਲਿਖਣੋਂ ਰਹਿ ਨਾ ਸਕਿਆ
ਇਕ ਟੁੱਟਿਆ ਸੀ, ਸੁਪਨਾ ਵਾਰ ਵਾਰ ਗੰਢਿਆਂ
ਪਰ ਗੰਢ ਹੋ ਨਾ ਸਕਿਆ।
ਕੀ ਲਿਖਾਂ ਹੁਣ ਜਜਬਾਤਾਂ ਨੂੰ ਲਿਖ ਭੇਜਿਆ ਸੀ
ਖਤ, ਉਹ ਮਹਿਰਮ ਪੜ੍ਹ ਨਾ ਸਕਿਆ।
ਸਮਾਂ, ਸੂਰਤ ਨਾ ਕਿਸੇ ਦੇ ਵੱਸ ਰਹਿੰਦੇ, ਕੋਸ਼ਿਸ਼
ਕੀਤੀ ਪਰ ਸਮੇਂ ਨਾਲ ਭੱਜ ਹੋ ਨਾ ਸਕਿਆ।
ਲੱਗਿਆ ਕਿਉਂ ਬਿਹਰਾ ਦਾ ਜਾਮ ਪੀਣ, ਜੀ
ਪੀੜ੍ਹਾਂ ਦਾ
ਸੰਤਾਪ ਭੋਗਦੀ ਹੈ, ਪਰ ਪਿਛਾਂ ਮੁੜ ਨਾ ਸਕਿਆ।

**ਹਰਮਨਵੀਰ ਸਿੰਘ ਬਰਾੜ**
9780834464

## ਗ਼ਜ਼ਲ

ਜੋ ਘਰ ਦਾ ਹੀ ਬਣਿਆਂ ਖਾਣਾ ਖਾਵੇ,
ਉਸ ਦੇ ਨੇੜੇ ਕੋਈ ਰੋਗ ਨਾ ਆਵੇ।

ਉਸ ਨੂੰ ਇਸ ਤੋਂ ਕੁਝ ਸਿੱਖਣਾ ਚਾਹੀਦਾ,
ਜੋ ਗਲਤੀ ਕਰਕੇ ਪਿੱਛੋਂ ਪਛਤਾਵੇ।

ਜਿਸ ਨੂੰ ਬੋਲਣ ਦਾ ਚੱਜ ਹੀ ਨਾ ਹੋਵੇ,
ਉਸ ਦੇ ਘਰ ਵਿਚ ਕੋਈ ਪੈਰ ਨਾ ਪਾਵੇ।

ਜੋ ਨਿਸ ਦਿਨ ਮਿਹਨਤ ਕਰਦਾ ਹੈ ਦੱਬ ਕੇ,
ਉਹ ਆਪਣੀ ਕਿਸਮਤ ਨੂੰ ਆਪ ਬਣਾਵੇ।

ਉਸ ਨੇ ਜੀਵਨ 'ਚ ਤਰੱਕੀ ਕੀ ਕਰਨੀ ?
ਜੋ ਸਾਰਾ ਦਿਨ ਦਾਰੂ ਪੀਈ ਜਾਵੇ।

ਐਸਾ ਬੰਦਾ ਅੱਜ ਕੱਲ੍ਹ ਮਿਲਣਾ ਮੁਸ਼ਕਲ,
ਜੋ ਲੋਕਾਂ ਦੇ ਵਿਗੜੇ ਕੰਮ ਕਰਾਏ।

ਜੋ ਹੋਰਾਂ ਦੇ ਰਾਹ ਵਿਚ ਕੰਡੇ ਬੀਜੇ,
'ਮਾਨਾ' ਉਸ ਨੂੰ ਕੋਈ ਮੂੰਹ ਨਾ ਲਾਵੇ।

**ਮਹਿੰਦਰ ਸਿੰਘ ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ**-144526
**ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ**
**ਫੋਨ** -9915803554

## ਨਵੇ ਸਾਲ ਦੀ ਖੁਸ਼ੀ ਨਿਰਾਲੀ

ਨਵੇਂ ਸਾਲ ਦੀ ਆਮਦ ਉਤੇ
ਕੁਝ ਨਵਾ ਨਵੇਲਾ ਕਰ ਜਾਈਏ।
ਸ਼ਿਕਵੇ ਦਿਲੋਂ ਭੁਲਾ ਕੇ ਸੱਜਣਾ
ਸਾਂਝੇ ਪੰਧ ਵੱਲ ਹੀ ਚੱਲ ਪਾਈਏ।
ਕਲਮਾਂ ਵਾਲ਼ੇ ਰੁੱਕਦੇ ਨਹੀਓਂ
ਹੁਕਮਰਾਨਾ ਦੀਆਂ ਬੰਦਸ਼ਾ ਅੱਗੇ
ਕੋਹਰਾਮ,ਨਿਜ਼ਾਮ ਦਾ ਰੁੱਤਬਾ ਭਾਰੀ
ਜਿਸ ਦੇ ਅੱਗੇ ਹਰ ਕੋਈ ਭੱਜੇ ।
ਨਵੇ ਪਲਾ ਦੀ ਖੁਸ਼ੀ ਨਿਰਾਲੀ
ਰੌਸ਼ਨ ਜਜ਼ਬੇ ਸਿਜਰਣ ਵਾਲੀ
ਗੁੱਝੇ ਭੇਦ ਤੇ ਪਰਦਾ ਪਾ ਕੇ
ਮਿੱਤਰਾਂ ਦੇ ਸੰਗ ਖੜ ਜਾਈਏ ।
ਫਿਕਰਮੰਦੀ ਵਿਚ ਦਿਨ ਲੰਘਾਉਦੇ
ਮੂਲਵਾਨ (ਸਮਾ) ਦੀ ਕਦਰ ਨਾ ਪਾਈ
ਖਰੀਦਣ ਦੀ ਤਾਂ ਜ਼ੁਅਰਤ ਹੈ ਨੀ
ਨਾ ਵਰਤਣ ਲਈ ਜੁਗਤ ਲਗਾਈ ।
ਪਰਵਾਜ਼ ਲੰਮੇਰੀ ਭਰਨੀ ਸੌਖੀ
ਹਿੰਮਤ ਜਦੋਂ ਜੁਟਾਉਦਾ ਬੰਦਾ
ਦੁੱਧ ਪੀਣ ਲਈ ਬੱਚੇ ਨੂੰ ਵੀ
ਕੁਰਲਾਹਟ ਹੈ ਪਉਣੀ ਪੈਂਦੀ।
ਸੋਚ ਸੀਰਤ ਦੋ ਹਨ ਉਹ ਸ਼ੀਸ਼ੇ
ਝਲਕਾਰੇ ਹੀ ਮੜਕ ਨੇ ਕੱਡਦੇ
ਮੂੰਹ ਦੇ ਮਿੱਠੇ ਵਾਂਗ ਚਾਸ਼ਨੀ
ਜਾਂਦੇ ਜਾਂਦੇ ਵੀ ਰਾਹ ਨਾ ਛੱਡਦੇ ।
ਧਾਲੀਵਾਲ ਇਹ ਜਗਤ ਅਨੋਖਾ
ਨਾਲ ਜੁਗਾੜ ਚਲਾਵੇਂ ਦੁਨੀਆਂ
ਕਹਿਣੇ ਨੂੰ ਸਭ ਕੁਝ ਹੈ ਤੇਰਾ
ਲੋੜ ਪੈਣ ਤੇ ਕਣ ਨਾ ਦਿੰਦੇ।
ਨਵੇਂ ਸਾਲ ਦੀ ਆਮਦ ਉਤੇ.

**ਧੰਨਵਾਦ ਸਹਿਤ ਵਲੋ,**
**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ** ,
**ਪਿੰਡ ਨੱਥੂ ਮਾਜਰਾ , ਜਿਲਾ ਮਲੇਰਕੋਟਲਾ**
**ਮੋਬ**- 78374 - 90309

## ਦਸੋ ਕਿਹੜੀ ਥਾਂ ਤੇ ਲੁਕਾ ਕੇ ਪੁੱਤ ਰੱਖੀਏ

ਜਿਹੜੇ ਕਦੇ ਨਹੀਂ ਸੀ ਕਿਸੇ ਕੋਲੋਂ ਹਾਰਦੇ
ਸਿਰ ਡਾਹ ਦਿੰਦੇ ਸੀ ਥਲੇ ਤਲਵਾਰ ਦੇ
ਪਠਾਣ ਖੌਪ ਖਾਂਦੇ ਸੀ ਕਾਬਲ ਕੰਧਾਰ ਦੇ
ਅੱਜ ਉਹਨਾਂ ਹੀ ਯੋਧਿਆਂ ਦੇ ਪੁੱਤ ਪੋਤਰੇ
ਚਿੱਟੇ ਦੇ ਨਾਲ ਹਰ ਰੋਜ਼ ਪਏ ਮਰਦੇ
ਦਸੋ ਕਿਹੜੀ ਥਾਂ ਤੇ ਲੁਕਾਅ ਪੁੱਤ ਰੱਖੀਏ
ਤੇਰੇ ਹਾੜੇ ਕੱਢਦੇ ਪੰਜਾਬ ਸਿੰਹਾਂ ਘਰ ਦੇ
ਦਸੋ ਕਿਹੜੀ ਥਾਂ ਤੇ ਲੁਕਾ ਕੇ ਪੁੱਤ ਰੱਖੀਏ।

..........

ਜੁਬਾੜੇ ਹੱਥਾਂ ਨਾਲ ਸ਼ੇਰਾਂ ਦੇ ਸੀ ਪਾੜ ਦੇ
ਕੁਟਾਪਾ ਹਾਥੀਆਂ ਦਾ ਐਸਾ ਸੀ ਚਾੜ ਦੇ
ਹਾਲਤ ਉਹਨਾਂ ਦੀ ਐਸੀ ਸੀ ਵਿਗਾੜ ਦੇ
ਦੁਬਾਰਾ ਨਹੀਂ ਸੀ ਸਾਡੇ ਵੱਲ ਮੂੰਹ ਕਰਦੇ
ਦਸੋ ਕਿਹੜੀ ਥਾਂ ਤੇ ਲੁਕਾ ਕੇ ਪੁੱਤ ਰੱਖੀਏ
ਤੇਰੇ ਹਾੜੇ ਕੱਢਦੇ ਪੰਜਾਬ ਸਿੰਹਾਂ ਘਰ ਦੇ।

..........

ਬੁੱਢੇ ਮਾਪਿਆਂ ਤੋਂ ਹੁਣ ਪੁੱਤ ਚੁੱਕੇ ਜਾਂਦੇ ਨਹੀਂ
ਜਿਹੜੇ ਆਪ ਰੋਟੀ ਦਾ ਟੁੱਕ ਵੀ ਖਾਂਦੇ ਨਹੀਂ
ਜਿਹੜੇ ਨਸ਼ਿਆਂ ਨੂੰ ਹੱਥ ਕਦੇ ਲਾਂਦੇ ਨਹੀਂ
ਉਹ ਮਰ ਚਲੇ ਬੱਚਿਆਂ ਦੇ ਪਾ ਪਾ ਪਰਦੇ
ਦਸੋ ਕਿਹੜੀ ਥਾਂ ਤੇ ਲੁਕਾ ਕੇ ਪੁੱਤ ਰੱਖੀਏ
ਤੇਰੇ ਹਾੜੇ ਕੱਢਦੇ ਪੰਜਾਬ ਸਿੰਹਾਂ ਘਰ ਦੇ।

............

ਦੱਸ ਹੋਰ ਕਿੰਨਾਂ ਚਿਰ ਨਸ਼ਿਆਂ ਦਾ ਦੌਰ ਚਲੇਗਾ
ਧੱਕਾ ਅਫਗਿਸ੍ਤਾਨ ਦਾ ਕਿੰਨਾ ਕੁ ਹੋਰ ਝਲੇਂਗਾ
ਹੋਰ ਕੀਨਿਆ ਨੂੰ ਮੌਤ ਦੇ ਮੂੰਹ ਵਿੱਚ ਘੱਲੇਗਾ
ਮੁੰਡੇ ਬਾਹਰ ਨੂੰ ਭੱਜੇ ਜਾਂਦੇ ਏਸੇ ਗਲੋਂ ਡਰਦੇ
ਦਸੋ ਕਿਹੜੀ ਥਾਂ ਤੇ ਲੁਕਾ ਕੇ ਪੁੱਤ ਰੱਖੀਏ
ਤੇਰੇ ਹਾੜੇ ਕੱਢਦੇ ਪੰਜਾਬ ਸਿੰਹਾਂ ਘਰ ਦੇ।

...............

ਦੁੱਖ ਹੋਰ ਸਾਥੋਂ ਹੋਣਾ ਨਹੀਂਉ ਝੱਲ ਉਏ
ਨਸ਼ੇ ਦੇ ਮੁੱਦੇ ਦੀ ਕਰ ਕੋਈ ਗੱਲ ਉਏ
ਐਸਾ ਲੱਭ ਜਸਵਿੰਦਰਾ ਕੋਈ ਹਲ ਉਏ
ਬੱਦਲ ਟਲ ਜਾਣ ਜਿਹੜੇ ਚਿੱਟੇ ਦੇ ਪਏ ਵਰ੍ਹਦੇ
ਦਸੋ ਕਿਹੜੀ ਥਾਂ ਤੇ ਲੁਕਾ ਕੇ ਪੁੱਤ ਰੱਖੀਏ
ਤੇਰੇ ਹਾੜੇ ਕੱਢਦੇ ਪੰਜਾਬ ਸਿੰਹਾਂ ਘਰ ਦੇ।

...............

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ**
**ਫਿਰੋਜ਼ਪੁਰ** 7589155501

## ਨਾਜ਼ੁਕ ਦਿਲ

ਕੋਮਲ, ਨਾਜ਼ੁਕ ਦਿਲ ਹੈ ਮੇਰਾ,
ਵੇਖੀਂ ਕਿਧਰੇ ਤੋੜੀਂ ਨਾ।
ਦਿਲ ਵਿੱਚ ਇਸ਼ਕ ਦੀ ਲਾਟ ਜਗਾ ਕੇ,
ਦਰ ਤੋਂ ਖਾਲੀ ਮੋੜੀਂ ਨਾ।
ਇਸ਼ਕ ਸਮੁੰਦਰ ਬਹੁਤ ਡੂੰਘੇਰਾ,
ਵਿਰਲਾ ਪਾਰ ਕਰੇਂਦਾ ਹੈ।
ਦਿਲ ਦੀ ਧੜਕਣ ਵਧਦੀ ਜਾਂਦੀ,
ਪਿਆਰਾ ਪਾਰ ਵਸੇਂਦਾ ਹੈ।
ਪੱਥਰ-ਦਿਲ ਨਾਲ ਨਿਹੁੰ ਲਗਾ ਕੇ,
ਮੈਂ ਤਾਂ ਏਹੋ ਜਾਣ ਲਿਆ।
ਬਿਰਹੋਂ ਅਤੇ ਵਿਛੋੜੇ ਦਾ ਦੁਖ,
ਕੀ ਹੁੰਦਾ ਹੈ ਮਾਣ ਲਿਆ।
ਹਰ ਦਿਲ ਵਿੱਚ ਖ਼ੁਦਾ ਦਾ ਵਾਸਾ,
ਕਦੇ ਏਸਨੂੰ ਤੋੜੋ ਨਾ।
ਆਇਆ ਦਰ ਤੇ ਕੋਈ ਸਵਾਲੀ,
ਖ਼ਾਲੀ ਉਹਨੂੰ ਮੋੜੋ ਨਾ।
ਸ਼ੀਸ਼ਾ ਤੇ ਦਿਲ ਇੱਕੋ ਜੈਸੇ,
ਅਕਸਰ ਹੀ ਟੁੱਟ ਜਾਂਦੇ ਨੇ।
ਬੜੇ ਬੇਦਰਦ ਲੁਟੇਰੇ ਜਿਹੜੇ,
ਦਿਲ ਨੂੰ ਲੈ ਲੁੱਟ ਜਾਂਦੇ ਨੇ।

*** ਪ੍ਰੋ. ਨਵ ਸੰਗੀਤ ਸਿੰਘ**
**# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ**-151302 (**ਬਠਿੰਡਾ**) 9417692015.

## ਸ੍ਰੇਸ਼ਟ ਜੂਨ ਇਨਸਾਨ ਦੀ

ਜੂਨਾਂ ਵਿੱਚੋਂ ਸ੍ਰੇਸ਼ਟ ਜੂਨ ਇਨਸਾਨ ਦੀ,
ਮੰਨੀ ਗਈ ਹੈ ਵਿੱਚ ਸੰਸਾਰ ਯਾਰੋ।
ਉਹਨਾਂ ਸਮਾਜਿਕ ਕੁਰੀਤੀਆਂ ਨੂੰ ਜਨਮ ਦਿੱਤਾ,
ਜੋ ਇਸ ਜੂਨ @ਚ ਸੀ ਲੋਕ @ਮਕਾਰ@ ਯਾਰੋ।
ਇਹਨਾਂ ਹਰ ਮਾੜਾ ਢੰਗ ਵੀ ਵਰਤਿਆ,
ਆਪ ਬਣਨ ਲਈ ਸਰਦਾਰ ਯਾਰੋ।
ਇਹ ਕਰਨ ਐਨੀਆਂ ਮਾੜੀਆਂ ਹਰਕਤਾਂ,
ਜੋ ਕਰਦੀਆਂ ਨੇ ਸ਼ਰਮਸਾਰ ਯਾਰੋ।
ਹੱਦ ਬੰਨੇ ਸਾਰੇ ਲੰਘ ਇਹਨਾਂ,
ਅਨੇਕਾਂ ਮਾਸੂਮ ਬਣਾਏ ਸ਼ਿਕਾਰ ਯਾਰੋ।
ਇਹਨਾਂ ਨੇ ਕਲੰਕਿਤ ਕੀਤੇ ਰਿਸ਼ਤੇ,
ਇਜ਼ਤਾਂ ਕੀਤੀਆਂ ਤਾਰ ਤਾਰ ਯਾਰੋ।
@ਮੇਜਰ@ ਮਾੜੇ ਲੋਕਾਂ ਨੂੰ ਰਹਿਣ ਭੰਡਦੇ,
ਸਦਾ ਚੰਗੇ ਲੋਕ ਸ਼ਰੇ ਬਾਜ਼ਾਰ ਯਾਰੋ।

**ਮੇਜਰ ਸਿੰਘ ਬੁਢਲਾਡਾ**
94176 42327

## (ਬਾਪੂ ਦੀ ਨਕਲ)

ਰੀਸ ਕਰਦਾ ਹਾਂ ਮੈਂ ਬਾਪੂ ਦੀ
ਨਾ ਪੈਂਦਾ ਬਾਹਲੇ ਧਰਮਾਂ ਵਿੱਚ
ਰਿਵਾਜ ਤੇ ਵਹਿਮਾਂ ਭਰਮਾਂ ਵਿੱਚ
ਉਹਦੇ ਕੱਪੜੇ ਮੇਚ ਕਰਵਾ ਲਏ ਸੀ
ਲੁੱਕ ਮੇਰੀ ਲੱਗੇ ਉਹਦੇ ਜਿਹੀ
ਮੈਂ ਦਾੜ੍ਹੀ ਦੇ ਵਾਲ ਵਧਾ ਲਏ ਸੀ
ਵਾਹ-ਵਾਹ ਕੰਘੀ ਮੈਂ ਵਾਲਾਂ ਵਿੱਚ
ਸੈਟਿੰਗ ਕਰ ਪਿੱਛੇ ਨੂੰ ਕਰਵਾ ਲਏ ਸੀ
ਪੰਡ ਚੱਕਲਾਂ ਭਾਰੀ ਉਹਦੇ ਜਿਹੀ
ਨਾੜ ਕਈ ਵਾਰ ਚੜ੍ਹਾ ਲਏ ਸੀ
ਯਾਦਾਂ ਆਉਂਦੀਆਂ ਜਿਵੇਂ ਝੱਖੜ ਜਿਹੇ
ਲਿਖ ਲੈਂਦਾ ਟੁੱਟੇ ਫੁੱਟੇ ਅੱਖਰ ਜਿਹੇ
ਨਾ ਲਿਖਿਆ ਚੁੰਨੀਆਂ ਸਲਵਾਰਾਂ ਤੇ
ਚਾਰ ਕ ਅੱਖਰ ਉਹਦੇ ਵਿਚਾਰਾਂ ਤੇ
ਵਾਂਗ ਸਵਾਟਰ ਕੋਟੀਆਂ ਬੁਣ ਲਏ ਨੇ
ਹਾਂ ਬੋਲ ਮੈਂ ਉਹਦੇ ਚੁਣ ਲਏ ਨੇ

**ਚੇਤਨ ਬਿਰਧਨੋ**
09417558971.

## ਪਿਆਰੀ ਮੰਮੀ

ਬੱਸ ਮੇਰੇ ਸਕੂਲ ਦੀ, ਰੋਜ ਸਵੇਰੇ ਆਉਂਦੀ ਹੈ,
ਮੰਮੀ ਮੈਨੂੰ ਤਿਆਰ ਕਰ, ਉਸ ਦੇ ਵਿੱਚ ਚੜਾਉਂਦੀ ਹੈ।
ਚੀਜੀ ਖਾ ਲਈ ਆਹ ਲ਼ੈ ਬੇਟਾ,
ਪੈਸੇ ਜੇਬੀ ਪਾਉਂਦੀ ਹੈ।
ਮੋਢਿਆਂ ਦੇ ਵਿੱਚ ਬੈਗ ਪਾ ਕੇ
ਟਿਫਨ ਹੱਥ ਫੜਾਉਂਦੀ ਹੈ।
ਛੁੱਟੀ ਵੇਲੇ ਬਾਰ ਚ@ ਖੜ੍ਹ ਕੇ, ਉਡੀਕ @ਚ ਸਮਾਂ ਬਿਤਾਉਂਦੀ ਹੈ,
ਜਦ ਸਕੂਲੋਂ ਘਰ ਆ ਜਾਵਾਂ, ਵਰਦੀ ਮੇਰੀ ਲਾਹਉਦੀ ਹੈ।
ਮੈਨੂੰ ਬਹੁਤ ਪਿਆਰ ਹੈ ਕਰਦੀ,
ਬੁੱਕਲ ਵਿੱਚ ਸਵਾਉਂਦੀ ਹੈ।
ਪੱਤੋ, ਨੂੰ ਮੰਮੀ ਬਹੁਤ ਪਿਆਰੀ,
ਨਾਲੇ ਬਾਤ ਸੁਣਾਉਂਦੀ ਹੈ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 374

Website: www.preetnama.com Email preetnamausa@gmail.com

09 OCT TO 15 OCT, 2026


